ਮਿਲਦੇ ਜੁਲਦੇ ਹਨ, ਕਿਉਂਕਿ ਇਹ ਯਾਦ ਰਹੇ ਕਿ ਰੋਗ ਦੀ ਨਿਆਈਂ ਅਰੋਗਤਾ ਭੀ ਹੋਰਨਾਂ ਨੂੰ ਉੱਡ ਕੇ ਚੰਬੜ ਜਾਂਦੀ ਹੈ। ਹੁਣ ਲੋਕ ਮੈਥੋਂ ਇਹ ਪੁਛਦੇ ਹਨ ਕਿ ਏਹਨਾਂ ਪ੍ਰਸ਼ਨਾਂ ਦੇ ਅਮਲੀ ਵਰਤਾਉ ਦੀ ਬਾਬਤ ਪੂਰਨ ਰੀਤੀ ਨਾਲ ਕੀ ਆਖ ਸਕਦੇ ਹਾਂ, ਜਿਨ੍ਹਾਂ ਤੋਂ ਅਸੀ ਪੂਰਨ ਅਰੋਗਤਾ ਪ੍ਰਾਪਤ ਕਰ ਸਕੀਏ ਅਤੇ ਵਰਤਮਾਨ ਰੋਗ ਤੋਂ ਛੁਟਕਾਰਾ ਪਾ ਸਕੀਏ। ਇਸਦੇ ਉੱਤਰ ਵਿਚ ਇਹ ਆਖ ਸਕਦੇ ਹਾਂ ਕਿ ਵੱਡੀ ਗੱਲ ਇਹ ਹੈ ਕਿ ਪੈਹਲਾਂ ਵੱਡੇ ਆਦਿ ਨਿਯਮਾਂ ਵਲ ਧਿਆਨ ਦੁਆਯਾ ਜਾਵੇ ਅਤੇ ਇਹ ਜ਼ਰੂਰ ਹੈ ਕਿ ਹਰ ਇਕ ਪੁਰਸ਼ ਆਪਣੇ ਤੌਰ ਤੇ ਏਸ ਅਸੂਲ (ਨਿਯਮ) ਤੇ ਅਮਲ ਕਰਨਾ ਅਤੇ ਅਭਿਆਸ ਕਰਨਾ ਸਿੱਖੇ। ਕੋਈ ਪੁਰਸ਼ ਦੂਜੇ ਪੁਰਸ਼ ਵਾਸਤੇ ਇਹ ਕੰਮ ਹੱਛੀ ਤਰਾਂ ਨਹੀਂ ਕਰ ਸਕਦਾ, ਸਗੋਂ ਉਸ ਪੁਰਸ਼ ਨੂੰ ਆਪ ਹੀ ਕਰਨਾ ਚਾਹੀਦਾ ਹੈ।

ਪੈਹਲਾਂ ਇਹ ਆਖ ਸਕਦੇ ਹਾਂ ਕਿ ਹਰ ਇਕ ਪੁਰਸ਼ ਵਿਖੇ ਪੂਰਨ ਅਰੋਗਤਾ ਦੇ ਖਿਆਲ ਹੋਨ ਤੋਂ ਹੀ ਉਸਦੀ ਅਸਲੀ ਅਤੇ ਜੀਵਨ ਦਾਤਾ ਸ਼ਕਤੀਆਂ ਆਪਣਾ ਆਪਣਾ ਵਰਤਾਰਾ ਕਰਨਗੀਆਂ, ਜਿਸਤੋਂ ਸਮਾਂ ਪਾਕੇ ਘਟ ਵਧ ਅਸਰ ਪੂਰਣ ਅਰੋਗਤਾ ਪ੍ਰਾਪਤ ਹੋਊ, ਫੇਰ ਉਪ੍ਰੰਤ ਜਦ ਅਸੀ ਏਸ ਖਾਸ ਵੱਡੇ ਅਸੂਲ ਦੀ ਬਾਬਤ ਵਰਨਨ ਕਰਦੇ ਹਾਂ ਤਾਂ ਉਸ ਅਸੂਲ ਦੀ ਖਾਸ ਅਸਲੀਅਤ ਤੋਂ ਇਹ ਸਾਫ ਪ੍ਰਗਟ ਹੁੰਦਾ ਹੈ ਕਿ ਕਥਨੀ ਨਾਲੋਂ ਕਰਨੀ ਨਾਲ ਬਹੁਤ ਕੁਝ ਹੋ ਸਕਦਾ ਹੈ। ਭਾਵੇਂ ਬਾਜੇ ਪੁਰਸ਼ਾਂ ਨੂੰ ਏਸ (ਅਸੂਲ) ਦੇ ਸਾਫ ਸਾਫ ਪ੍ਰਗਟ

ਕਰਨ ਅਤੇ ਵਰਨਨ ਕਰਨ ਤੋਂ ਬਹੁਤ ਕੁਝ ਸਹਾਇਤਾ ਮਿਲ ਸਕਦੀ ਹੈ ਅਤੇ ਇਹੀ ਕਥਨ ਓਹਨਾਂ ਵਾਸਤੇ ਏਸ ਅਸੂਲ ਦੇ ਹੱਛੀ ਤਰਾਂ ਸਮਝਨ ਅਤੇ ਪ੍ਰਾਪਤ ਕਰਨ ਦਾ ਵਸੀਲਾ ਹੈ।

ਪ੍ਰੰਤੂ ਜਿਤਨਾ ਮਾਤ੍ਰ ਉਸ ਅਪਾਰ ਜੀਵਨ (ਬਅੰਤ ਵਾਹਗੁਰੂ) ਨਾਲ ਜਿਸਤੋਂ ਕਿ ਜੀਵ ਭਿੰਨ ੨ ਰੂਪ ਵਿਚ ਪ੍ਰਗਟ ਹੋਏ ਤੇ ਲਗਾਤਾਰ ਹੋ ਰਹੇ ਹੰਨ, ਆਪਣੀ ਏਕ-ਤਾਈ ਨੂੰ ਜਜੋਂ ਕੀ ਤਜੋਂ ਅਨਭਉ ਕਰਦੇ ਹੋ, ਅਰ ਇਸ ਅਨਭਉ ਦੁਆਰੇ ਜਿਤਨਾ ਮਾਤ੍ਰ ਤੁਸੀ ਇਸਦੀ ਦੈਵੀ ਧਾਰਾ ਨੂੰ ਆਪਣੇ ਅੰਦਰ ਵਗਨ ਲਈ ਆਪੇ ਨੂੰ ਵਿਕਾਸਤ ਕਰਦੇ ਹੋ, ਉਤਨਾ ਮਾਤ੍ਰ ਹੀ ਤੁਸੀ ਸ਼ਕਤੀਆਂ ਨੂੰ ਕਾਰ-ਰਵਾਈ ਵਿਚ ਲੈਂਦੇ ਹੋ, ਜਿਹੜੀਆਂ ਕਿ ਦੇਰ ਸੇਰ ਸਰੀਰ ਵਿਖੇ ਅਟੁੱਟ ਤਾਕਤ ਤੇ ਅਖੁੱਟ ਤੰਦਰੁਸਤੀ ਨੂੰ ਪ੍ਰਾਪਤ ਕਰ ਦੇਣਗੀਆਂ। ਕਿਉਂਕਿ ਜਦੋਂ ਤੁਸੀ ਏਸ ਗੱਲ ਨੂੰ ਹੱਛੀਤਰਾਂ ਸਮਝੋਗੇ ਕਿ ਜੀਵਨ ਦੀ ਉਸ ਅਪਾਰ ਆਤਮਾਂ ਵਿਚ ਆਪਣੇ ਆਪ ਕਿਸੇ ਤਰਾਂ ਦੀ ਬੀਮਾਰੀ ਨਹੀਂ ਲੱਗ ਸਕਦੀ ਅਤੇ ਫੇਰ ਜਦੋਂ ਤੁਸੀ ਏਸ ਜੀਵਨ ਨਾਲ ਆਪਣੀ ਏਕਤਾ ਸਮਝ ਕੇ ਇਹ ਹੱਛੀ ਤਰਾਂ ਜਾਨ ਲਵੋਗੇ ਕਿ ਇਹੀ ਜੀਵਨ ਤੁਹਾਡੇ ਅੰਦਰ ਮੌਜੂਦ ਹੈ ਤਾਂ ਤੁਸੀ ਇਸਨੂੰ ਆਪਣੇ ਅੰਦਰ ਏਨੀਂ ਅਧਕਤਾ ਨਾਲ ਆਉਣ ਦਿਓਗੇ ਕਿ ਸਰੀਰ ਦੀਆਂ ਖਰਾਬ ਅਤੇ ਰੋਗ ਭਰੀਆਂ ਹਾਲਤਾਂ ਉਸ ਆਤਮਾਂ ਦੀ ਪੂਰਨ ਤਾਕਤ ਦੇ ਵੱਸ ਵਿਚ ਹੋਣਗੀਆਂ, ਅਰਥਾਤ ਇਹ ਸਾਰੀਆਂ ਖਰਾਬ ਹਾਲਤਾਂ ਅਰੋਗਤਾ ਅਤੇ ਸੁਸਥਤਾ ਵਿਖੇ ਬਦਲ ਜਾਨ-

ਰੀਆਂ, ਪਰ ਇਸ ਗੱਲ ਦਾ ਛੇਤੀ ਜਾਂ ਚਿਰ ਨਾਲ ਪ੍ਰਗਟ ਹੋਣਾ ਕੇਵਲ ਤੁਹਾਡੇ ਆਪਣੇ ਤੇ ਹੀ ਨਿਰਭਰ ਹੈ।

ਓਹ ਲੋਗ ਭੀ ਹੋਏ ਹਨ ਜਿਨ੍ਹਾਂ ਨੇ ਕਿ ਇਸ ਅਨਭਉ ਲਈ ਆਪਣੇ ਆਪ ਨੂੰ ਸਮਰੱਥ ਬਣਾਣ ਦੀ ਜੋਗਤਾ ਐਸੀ ਪੂਰੀ ਤਰਾਂ ਪ੍ਰਾਪਤ ਕੀਤੀ ਹੈ ਕਿ (ਮਾਨੋਂ) ਇਕਵਾਰਗੀ ਤੇ ਪੱਕੀ ਅਰੋਗਤਾ ਹੀ ਪ੍ਰਾਪਤ ਕਰ ਲਈ ਹੈ। ਜਿੰਨੀ ਜ਼ਿਆਦਾ ਦ੍ਰਿੜ੍ਹਤਾ ਹੋਵੇਗੀ ਓਨਾਂ ਸਮਾਂ ਘੱਟ ਲੱਗੇਗਾ, ਪਰ ਇਹ ਦ੍ਰਿੜ੍ਹਤਾ ਆਰਾਮ ਪੂਰਬਕ ਚੁੱਪ ਚੁਪੀਤੀ ਤੇ ਆਸਵੰਦ ਹੋਵੇ, ਨਾਂ ਕਿ ਜਿਸ ਵਿਚ ਅੰਦੇਸ਼ਾ ਅਤੇ ਵਿਖੇਪ ਹੋਵੇ ਅਤੇ ਜਿਸਦੀ ਪ੍ਰਾਪਤੀ ਦੀ ਆਸ ਨਾਂ ਹੋਵੇ। ਇਸਤੋਂ ਛੁਟ ਅਜੇਹੇ ਭੀ ਲੋਕ ਹਨ ਜਿਨ੍ਹਾਂ ਨੇ ਇਸ ਗੱਲ ਨੂੰ ਹੌਲੀ ਹੌਲੀ ਸਮਝਿਆ ਅਤੇ ਪ੍ਰਾਪਤ ਕੀਤਾ ਹੈ।

ਕੁਝ ਅੱਗੇ ਚੱਲਕੇ ਹੇਠਲੀ ਸ਼ਾਂਤ ਦੇ ਅਭਿਆਸ ਨਾਲ ਬਹੁਤਿਆਂ ਨੂੰ ਬੜੀ ਮੱਦਦ ਮਿਲੇਗੀ ਅਤੇ ਬਹੁਤ ਸਾਰਿਆਂ ਨੂੰ ਪੂਰਨ ਅਰੋਗਤਾ ਪ੍ਰਾਪਤ ਹੋਵੇਗੀ, ਓਹ ਅਮਲ (ਅਭਿਆਸ) ਇਹ ਹੈ :–"ਮਨ ਵਿਚ ਤਸੱਲੀ (ਸ਼ਾਂਤੀ) ਅਤੇ ਦਿਲ ਦੇ ਅੰਦਰ ਸਾਰੇ ਲੋਕਾਂ ਲਈ ਪਿਆਰ ਵਾਲਾ (ਬਨਕੇ) ਨਿਰੋਧ ਸੰਕਲਪ ਹੋਇਆ ੨ ਆਪਣੇ ਅੰਤ੍ਰੀਵ ਆਤਮਾਂ ਦੀ ਚੁਪਚਾਪੀ ਵਿਖੇ ਪ੍ਰਵਿਰਤ ਹੋਵੋ, ਅਤੇ ਇਹ ਧਿਆਨ ਕਰੋ ਕਿ ਮੈਂ ਅਤੇ ਜੀਵਨ ਦ ਅਪਾਰ ਆਤਮਾਂ ਦੋਵੇਂ ਇਕ ਹੀ ਹਾਂ ਅਤੇ ਇਹ ਅਪਾਰ ਆਤਮਾਂ ਮੇਰੇ ਜੀਵਨ ਦਾ ਜੀਵਨ ਹੈ। ਫੇਰ ਮੈਂ ਆਤਮਾ ਹਾਂ ਅਤੇ ਮੇਰਾ ਜੀਵਨ ਆਤਮਕ ਜੀਵਨ ਹੈ, ਇਸ ਵਾਸਤੇ ਮੇਰੀ ਖ਼ਾਸ ਅਸਲੀ ਜ਼ਾਤ ਵਿਚ ਕਿਸੇ ਤਰਾਂ ਦੀ ਬੀਮਾਰੀ

ਦਖਲ ਨਹੀਂ ਪਾ ਸਕਦੀ, ਮੈਂ ਹੁਣ ਆਪਣੇ ਸਰੀਰ ਨੂੰ ਖੋਲ੍ਹਦਾ ਹਾਂ ਜਿਸਦੇ ਅੰਦਰ ਕਿ ਬੀਮਾਰੀ ਨੇ ਘਰ ਕਰ ਲੀਤਾ ਹੋਇਆ ਹੈ। ਹੁਣ ਮੈਂ ਆਪਣੇ ਸਰੀਰ ਦੇ ਅੰਦਰ ਉਸ ਅਪਾਰ ਜੀਵਨ ਦੀ ਪ੍ਰਵਿਰਤ ਹੋਨ ਵਾਲੀ ਰੌ ਨੂੰ ਉਸਦੇ ਸਾਰੇ ਹਿੱਸਿਆਂ ਵਿਚ ਹੱਛੀ ਤਰਾਂ ਵੈਹਣਦੇ ਦਾਹਾਂ ਅਤੇ ਹੁਣ ਭੀ ਇਹ ਰੌ ਮੇਰੇ ਸਰੀਰ ਵਿਚ ਬ੍ਰਾਬਰ ਜਾਰੀ ਹੈ ਅਤੇ ਰਾਜ਼ੀ ਹੋਣ ਦਾ ਅਮਲ ਹੋ ਰਿਹਾ ਹੈ। ਇਸ ਗੱਲ ਨੂੰ ਅਜਿਹੀ ਪੂਰੀ ਤਰਾਂ ਅਨਭਉ ਕਰੋ ਕਿ ਤੁਸੀ ਆਪਣੇ ਸੁਰੀਰ ਵਿਖੇ ਜੋਸ਼ ਅਤੇ ਸਰਗਰਮੀ ਮਲੂਮ ਕਰੋ, ਮਾਨੋਂ ਜੀਵਨ-ਦਾਤਾ ਤਾਕਤਾਂ ਸਰੀਰ ਲਈ ਬੜੇ ਜ਼ੋਰ ਨਾਲ ਅਮਲ ਕਰ ਰਹੀਆਂ ਹਨ, ਅਤੇ ਇਹ ਨਿਸਚੇ ਕਰੋ ਕਿ ਅਰੋਗ ਹੋਨ ਦਾ ਕੰਮ ਬਰਾਬਰ ਜਾਰੀ ਹੈ, ਅਤੇ ਏਸ ਯਕੀਨ ਤੇ ਬਰਾਬਰ ਜਮੇਂ ਰਹੋ। ਬਹੁਤ ਸਾਰੇ ਲੋਕ ਅਜੇਹੇ ਹਨ ਕਿ ਚਾਹੁੰਦੇ ਕੁਝ ਹੁਨ ਤੇ ਆਸ ਕੁਝ ਹੋਰ ਕਰਦੇ ਹਨ, ਓਹਨਾਂ ਦਾ ਬੁਰਾਈ ਦੀ ਤਾਕਤ ਵਿਚ ਏਨਾਂ ਬੜਾ ਨਿਸਚਾ ਹੁੰਦਾ ਹੈ ਜਿੰਨਾ ਕਿ ਭਲਾਈ ਦੀ ਤਾਕਤ ਵਿਚ ਹੁੰਦਾ ਹੈ ਅਤੇ ਏਸੇ ਕਰਕੇ ਓਹ ਰੋਗੀ ਰਹਿੰਦੇ ਹਨ।

ਜੇ ਕੋਈ ਪੁਰਸ਼ ਨੀਯਤ ਸਮੇਂ ਵਿਚ ਜਿੰਨੀ ਵਾਰੀ ਉਸਤੋਂ ਹੋ ਸਕੇ ਆਪਣੇ ਆਪ ਨੂੰ ਉਸ ਧਿਆਨ ਵਿਚ ਲਾਏ, ਜਾਂ ਇਸ ਗੱਲ ਨੂੰ ਹੱਛੀ ਤਰਾਂ ਅਨਭਉ ਕਰੇ, ਜਾਂ ਇਸ ਗੱਲ ਨੂੰ ਆਪਣੇ ਆਪ ਦੇ ਅਰਾਮ ਪ੍ਰਾਪਤ ਕਰਨ ਦਾ ਵਸੀਲਾ ਬਨਾਏ ਅਤੇ ਫੇਰ ਆਪਣੇ ਮਨ ਨੂੰ ਉੱਤੋ-ਕ੍ਰੂੱਤੀ ਉਸੇ ਹਾਲਤ ਵਿਚ ਰਹਨ ਦੇਵੇ, ਇਸਤਰਾਂ ਨਾਲ ਇਸ ਤਾਕਤ ਜਾਂ ਸ਼ਕਤੀ ਨੂੰ ਬਰਾਬਰ ਕੰਮ ਕਰਣ ਦੇਣ

ਕਰਕੇ ਇਹ ਪੁਰਸ਼ ਅਚਰਜ ਅਤੇ ਹੇਰਾਨ ਹੋਵੇਗਾ! ਕਿ ਉਸਦਾ ਸਰੀਰ ਬਹੁਤ ਛੇਤੀ ਬੀਮਾਰੀ ਅਤੇ ਬੇਸੁਰੀ ਦਸ਼ਾ ਨੂੰ ਛੱਡਕੇ ਸੁਸਥਤਾ ਅਤੇ ਇਕਸਾਰਤਾ ਨੂੰ ਗ੍ਰਹਣ ਕਰੇਗਾ, ਪਰ ਇਸ ਹੈਰਾਨਗੀ ਅਤੇ ਅਸਚਰਜਤਾ ਦਾ ਕੋਈ ਖਾਸ ਕਾਰਨ ਨਹੀਂ, ਕਿਉਂਕਿ ਇਸ ਢੰਗ ਤੇ ਚੱਲਨ ਤੋਂ ਓਹ ਪੁਰਸ਼ ਅਕਾਲ ਪੁਰਖ ਵਾਲੀ ਸੁਵੱਗਜ ਸ਼ਕਤੀ ਨੂੰ ਸਾਫ (ਬੇਰੋਕ) ਆਪਣਾ ਕਰੁਤੱਵ ਕਰਨ ਦੇਂਦਾ ਹੈ ਅਤੇ ਇਹ ਤਾਕਤ ਆਪਣਾ ਅਮਲ (ਕਰਤੱਵ) ਛੇਕੜ ਨੂੰ ਹਰ ਹਾਲਤ ਵਿਚ ਕਰੇਗੀ।

ਜੇ ਕਿਸੇ ਖਾਸ ਅੰਗ ਵਿਚ ਤਕਲੀਫ (ਜਕੜਨ) ਹੋਵੇ ਅਰ ਆਦਮੀ ਓਸ ਖਾਸ ਹਿੱਸੇ ਦਾ ਛੁਟਕਾਰਾ ਚਾਹੁੰਦਾ ਹੈ, ਨਾਲ ਹੀ ਇਸਦੇ ਸਾਰੇ ਸਰੀਰ ਲਈ ਇਸ ਅੰਤ੍ਰੀਵ ਜੀਵਨ ਧਾਰਾ ਨੂੰ ਚਾਹੇ ਤਾਂ ਓਹ ਉਸ ਖਾਸ ਹਿੱਸੇ ਦਾ ਖਿਆਲ ਆਪਣੇ ਮਨ ਅੰਦਰ ਦ੍ਰਿੜ੍ਹ ਕਰ ਸਕਦਾ ਹੈ, ਕਿਉਂਕਿ ਇਸਤਰਾਂ ਨਾਲ ਖਿਆਲ ਨੂੰ ਸਰੀਰ ਦੇ ਕਿਸੇ ਖਾਸ ਹਿੱਸੇ ਤੇ ਜਮਾਨ ਤੋਂ ਜੀਵਨ ਦਾਤਾ ਤਾਕਤਾਂ ਦਾ ਅਸਰ ਉਸ ਹਿੱਸੇ ਵਿਚ ਜੋਸ਼ ਮਾਰਦਾ ਜਾਂ ਜ਼ਿਆਦਾ ਹੁੰਦਾ ਰਹਿੰਦਾ ਹੈ। ਪਰ ਇਹ ਗੱਲ ਸਦਾ ਯਾਦ ਰਖਣੀ ਚਾਹੀਦੀ ਹੈ ਕਿ ਇਸਤਰਾਂ ਨਾਲ ਜਿੰਨਾ ਆਰਾਮ ਪ੍ਰਾਪਤ ਹੋਵੇਗਾ ਉਸਦਾ ਫਲ ਪ੍ਰਪੱਕ ਤੌਰ ਤੇ ਦੂਰ ਨਾਂ ਹੋਵੇਗਾ, ਜਦੋਂ ਤਾਈਂ ਕਿ (ਓਹਨਾਂ ਭਾਵਾਂ ਦੇ ਪੈਦਾ ਕਰਨ ਵਾਲੇ) ਕਾਰਨ ਦੂਰ ਨਾਂ ਹੋ ਜਾਵਨ, ਜਾਂ ਇਹ ਆਖੋ ਕਿ ਜਦੋਂ ਤਾਈਂ ਕਿ ਨਿਯਮ ਦੇ ਵਿਰੁਧ ਕੀਤਾ ਜਾਏਗਾ, ਤਦੋਂ ਤਾਈਂ ਹੀ ਤਕਲੀਫ ਅਤੇ ਬੀਮਾਰੀ ਬ੍ਰਾਬਰ ਜਾਰੀ ਰਹੇਗੀ।

ਜਿਸ ਗੱਲ ਤੇ ਅਸੀ ਵਿਚਾਰ ਕਰ ਰਹੇ ਹਾਂ ਉਸਨੂੰ ਚੰਗੀ ਤਰਾਂ ਸਮਝਨ ਤੋਂ ਸਰੀਰ ਦੀ ਜਿੱਥੇ ਕਿਤੇ ਰੋਗੀ ਹਾਲਤ ਤੇ ਹੀ ਅਸਰ ਨਾਂ ਹੋਵੇਗਾ, ਸਗੋਂ ਜਿਸ ਜਗਾ ਖਰਾਬ ਹਾਲਤ ਭੀ ਕਹੀ ਹੈ, ਉੱਥੇ ਸਰੀਰ ਵਿਚ ਵਧੇਰੇ ਸਾਹ ਸਤ (ਸਰਗਰਮੀ) ਤਾਕਤ ਅਤੇ ਬਲ ਪ੍ਰਾਪਤ ਹੋਆਵੇਗਾ।

ਸਾਰਿਆਂ ਸਮਿਆਂ ਵਿਚ ਤੇ ਸਾਰੇ ਦੇਸ਼ਾਂ ਵਿਚ ਅੰਦ੍ਰਲੀਆਂ ਤਾਕਤਾਂ ਦੇ ਕਰਤੱਵਾਂ ਦੁਆਰਾ ਬਅੰਤ ਲੋਕ ਨਿਰੋਗ ਹੋਏ ਹਨ ਅਤੇ ਏਹਨਾਂ ਦੀ ਅਰੋਗਤਾ ਵਿਖੇ ਬਾਹਰਲੇ ਵਸੀਲਿਆਂ ਕੋਲੋਂ ਕੁਝ ਭੀ ਕੰਮ ਨਹੀਂ ਲੀਤਾ ਗਿਆ, ਭਿੰਨ ਭਿੰਨ ਜੁਗਤੀਆਂ ਵਰਤੋਂ ਵਿਚ ਲਿਆਂ-ਦੀਆਂ ਗਈਆਂ ਹਨ, ਜਾਂ ਇਹ ਆਖੋ ਕਿ ਓਹਨਾਂ ਦੇ ਨਾਮ ਭਿੰਨ ਭਿੰਨ ਰਖੇ ਗਏ ਹਨ, ਪਰ ਵੱਡਾ ਕਾਨੂਨ ਜੋ ਸਾਰਿਆਂ ਦੀ ਨੀਂਹ ਹੈ ਇੱਕੋ ਹੀ ਹੈ ਅਤੇ ਅੱਜ ਕੱਲ ਭੀ ਉਹੋ ਹੀ ਜਾਰੀ ਹੈ। ਜਦੋਂ ਮਾਲਕ ਨੇ ਆਪਣੇ ਪ੍ਰੇਮੀਆਂ ਨੂੰ ਬਾਹਰ ਭੇਜਿਆ ਤਾਂ ਓਨਾਂ ਨੂੰ ਇਹ ਸਿੱਖਿਆ ਦਿੱਤੀ ਸੀ ਕਿ ਬੀਮਾਰਾਂ ਅਤੇ ਦੁਖੀ ਪੁਰਸ਼ਾਂ ਨੂੰ ਅਰਾਮ ਦਿਓ ਅਤੇ ਲੋਕਾਂ ਨੂੰ ਸਿੱਖਿਆ ਦਿਓ ਕਿ ਜਿਹੜੇ ਪਹਿਲੇ ਸਮਿਆਂ ਦੇ ਮਹਾਤਮਾਂ ਸਨ ਓਹਨਾਂ ਨੂੰ ਅਰਾਮ ਦੇਨ ਦੀ ਸ਼ਕਤੀ ਪ੍ਰਾਪਤ ਸੀ, ਮਤਲਬ ਕੀ ਕਿ ਅਰਾਮ ਦੇਨਾ ਓਹਨਾਂ ਦਾ ਇਕ ਫਰਜ਼ ਸੀ।

ਜਿਹੀ ਤਾਕਤ ਲੋਕਾਂ ਨੂੰ ਪੁਰਾਤਨ ਸਮਿਆਂ ਵਿਚ ਪ੍ਰਾਪਤ ਸੀ ਅੱਜ ਕੱਲ ਸਾਡੇ ਵਿਚ ਭੀ ਉਹੋ ਹੀ ਤਾਕਤ ਕਿਉਂ ਨਹੀਂ ਹੋ ਸਕਦੀ? ਕੀ ਕੁਝ ਨਿਯਮ ਬਦਲ ਗਏ ਹਨ? ਬਦਲਨ ਦਾ ਕੀ ਕੰਮ, ਓਹ ਤਾਂ ਉਸੇਤਰਾਂ ਹੀ ਹਨ?

ਤਾਂ ਫੇਰ ਕਿਉਂ ਇਹ ਤਾਕਤ ਪ੍ਰਾਪਤ ਨਹੀਂ ਹੋ ਸਕਦੀ ? ਕੇਵਲ ਏਸ ਵਾਸਤੇ ਕਿ ਕੁਝ ਅਜੇਹੇ ਲੋਕਾਂ ਤੋਂ ਛੁਟ, ਜੋ ਕ ਧਰੇ ਕਿਧਰੇ ਵਿਰਲੇ ਵੇਖਨ ਵਿਚ ਆਉਂਦੇ ਹਨ, ਅਸੀ ਕਾਨੂਨ ਦੇ ਚਿੰਨ੍ਹ ਮਾਤ੍ਰ ਤੋਂ ਛੁਟ (ਵਧਕੇ) ਇਸਦੀ ਅਸਲੀਅਤ ਤੇ ਤਾਕਤ ਜਾਣ ਹੀ ਨਹੀਂ ਸਕਦੇ ਅਤੇ (ਇਸ ਕਾਨੂਨ ਦੀ ਤੈਹ ਨੂੰ ਪਹੁੰਚਨ ਦੀ ਥਾਂ ਕੇਵਲ ਉਪ-ਰਲੀ ਉਪਰਲੀ ਕਾਰਰਵਾਈ ਕਰਦੇ ਹਾਂ, ਜਦੋਂ ਤਾਈਂ ਅਸੀਂ ਏਸ ਕਾਨੂਨ ਦੇ ਨਿਰੇ ਪਦਾਂ ਤੇ ਵਿਚਾਰ ਕਰਦੇ ਹਾਂ ਤਦੋਂ ਤਾਈਂ ਅਸੀ ਸਫਲਤਾ ਪ੍ਰਾਪਤ ਨਹੀਂ ਕਰਸਕਦੇ)। ਪਰ ਏਸ ਕਾਨੂਨ ਦੇ ਅਸਲੀ ਮਤਲਬ ਅਤੇ ਭਾਵ ਨੂੰ ਹੀ ਸਮਝਨ ਤੋਂ ਸਾਡੇ ਅੰਦਰ ਜਾਨ ਅਤੇ ਤਾਕਤ ਆ ਸਕਦੀ ਹੈ, ਜੋ ਪੁਰਸ਼ ਇਸ ਕਾਨੂਨ ਦੇ ਬਾਹਜ ਅਤੇ ਅੱਖਰੀ ਅਰਥਾਂ ਨੂੰ ਛੱਡਕੇ ਉਸਦੇ ਪੂਰਨ ਅਰਥਾਂ ਅਤੇ ਅਸਲੀ ਮਤਲਬ ਤੇ ਵਿਚਾਰ ਕਰੇਗਾ ਅਤੇ ਏਸ ਅਸਲੀਅਤ ਨੂੰ ਹੱਛੀ ਤਰਾਂ ਸਮਝੇਗਾ, ਉਸ ਵਿਚ ਪੁਰਾਤਨ ਸਮੇਂ ਦੇ ਲੋਕਾਂ ਵਾਂਗ ਈਸ਼ਵਰੀ ਤਾਕਤ ਅਸਰ ਕਰੇਗੀ ਅਤੇ ਇਹ ਪੁਰਸ਼ ਦੂਜਿਆਂ ਨੂੰ ਭੀ ਇਹ ਤਾਕਤ ਬਖਸ਼ ਸਕੇਗਾ, ਕਿਉਂਕਿ ਇਹੋ ਹੀ ਇਕ ਪੁਰਸ਼ ਹੋਊ ਜੋ ਰਿਦਿਆਂ ਨੂੰ ਮੋੜ (ਚਲਾ) ਸਕੇਗਾ ਤੇ ਏਹੋ ਹੀ ਜਿਹੜਾ ਕਿ ਪ੍ਰਮਾਣੀਕ ਬਚਨ ਬੋਲੇਗਾ।

ਅਸੀ ਅਜ ਕੱਲ ਏਸ ਗੱਲ ਨੂੰ ਛੇਤੀ ਮਲੂਮ ਕਰਦੇ ਜਾਂਦੇ ਹਾਂ ਅਤੇ ਜਿਉਂ ਜਿਉਂ ਸਮਾਂ ਬੀਤਦਾ ਜਾਇਗਾ ਅਸੀ ਹੋਰ ਭੀ ਬਹੁਤ ਵਧੀਕ ਇਸਦਾ ਪਤਾ ਕਰਦੇ ਜਾਵਾਂਗੇ ਕਿ ਸਰਵ ਰੋਗ ਅਤੇ ਸਾਰੀਆਂ

ਤਕਲੀਫਾਂ ਜੋ ਇਨ੍ਹਾਂ ਕਰਕੇ ਹੁੰਦੀਆਂ ਹਨ ਪਰਤੱਖ ਹੀ ਓਹਨਾਂ ਦੀ ਅਸਲੀਅਤ, ਮਨ ਦੀਆਂ ਅਤੇ ਓਹਨਾਂ ਦੀਆਂ ਅਸਰ ਕਰਨ ਵਾਲੀਆਂ ਖਰਾਬ ਹਾਲਤਾਂ ਵਿਚ ਹੁੰਦੀ ਹੈ। ਜਿਸਤਰਾਂ ਅਸੀ ਕਿਸੇ ਚੀਜ਼ ਦਾ ਮਨ ਅੰਦਰ ਖਿਆਲ ਕਰਦੇ ਹਾਂ ਉਸੇ ਤਰਾਂ ਉਸਦੇ ਮੰਦੇ ਚੰਗੇ ਘਟ ਜਾਂ ਵਧ ਨਤੀਜੇ ਸਾਡੇ ਉੱਪਰ ਵਾਪਰ ਪੈਂਦੇ ਹਨ, ਜੇ ਅਸੀ ਉਸ ਚੀਜ਼ ਤੋਂ ਡਰਦੇ ਹਾਂ ਜਾਂ ਅਸੀ ਉਸਨੂੰ ਆਪਣੇ ਵਿਰੋਧੀ (ਉਲਟ) ਸਮਝਦੇ ਹਾਂ, ਤਾਂ ਅਤਸੇ ਕਰਕੇ ਓਹ ਚੀਜ਼ ਸਾਡੇ ਵਾਸਤੇ ਹਾਨੀਕਾਰਕ ਅਤੇ ਦ੍ਰਿਦ੍ਤਾ ਜਨਕ ਭਾਵ ਪੈਦਾ ਕਰੇਗੀ, ਪਰ ਜੇ ਅਸੀ ਉਸ ਚੀਜ਼ ਦੇ ਨਾਲ ਹੌਲੀ ਹੌਲੀ ਉਸਦਾ ਗਿਆਨ ਪ੍ਰਾਪਤ ਕਰਨ ਕਰਕੇ ਅਤੇ ਦਿਲ ਵਿਖੇ ਪਿਆਰ ਪ੍ਰਗਟ ਕਰੀਏ, ਉਸ ਉੱਤੇ ਆਪਣੀ ਵਿਸ਼ੇਸ਼ਤਾ ਪੱਕੀ ਤਰਾਂ ਦਿਖਾਉਣ ਕਰਕੇ, ਤਾਂ ਜਿੰਨੀ ਇਹ ਗੱਲ ਸਫਲਤਾ ਨਾਲ ਕਰ ਸੱਕਾਂਗੇ, ਓਨੀਂ ਓਹ ਚੀਜ਼ ਸਾਨੂੰ ਹਾਨੀ ਨਹੀਂ ਪੁਚਾਵੇਗੀ।

ਕੋਈ ਰੋਗ ਸਾਡੇ ਸਰੀਰਾਂ ਅੰਦਰ ਦਾਖਲ ਨਹੀਂ ਹੋ ਸਕਦਾ, ਨਾਂ ਓਹ ਸਾਡੇ ਸਰੀਰਾਂ ਵਿਖੇ ਟਿਕਿਆ ਰਹਿ ਸਕਦਾ ਹੈ, ਜਿੰਨਾ ਚਿਰ ਕਿ ਓਹ ਏਹਨਾਂ ਦੇ ਅੰਦਰ ਆਪਣੇ ਅਨੁਸਾਰ ਕੋਈ ਸ਼ੈ ਮਲੂਮ ਨਾਂ ਕਰ ਲਵੇ, ਜਿਸ ਕਰਕੇ ਕਿ ਓਹ ਰੋਗ ਰਾਹ ਪਾ ਸਕੇ। ਏਸੇ ਤਰਾਂ ਕੋਈ ਬੁਰਿਆਈ ਜਾਂ ਕਿਸੇ ਤਰਾਂ ਦੀ ਪ੍ਰਤਿਕੂਲ ਹਾਲਤ ਸਾਡੇ ਜੀਵਨ ਵਿਚ ਨਹੀਂ ਆ ਸਕਦੀ, ਜਦੋਂ ਤਾਈਂ ਕਿ ਏਹਨਾਂ ਵਿਖੇ ਕੋਈ ਚੀਜ਼ ਉਸਨੂੰ ਆਪਣੇ ਵਲ ਸੱਦਾ ਦੇਣ ਵਾਲੀ ਮੌਜੂਦ ਨਾਂ ਹੋਵੇ, ਜਿਸਤੋਂ ਕਿ

ਓਹ ਬੁਰਿਆਈ ਜਾਂ ਵਿਰੋਧੀ ਹਾਲਤ ਔਣ ਦੇ ਸਮਰੱਥ ਹੋ ਸਕੇ। ਜਿੰਨੀ ਛੇਤੀ ਅਸੀ ਆਪਣੇ ਉੱਤੇ ਆਉਨ ਵਾਲੀਆਂ ਹਾਲਤਾਂ ਦੇ ਕਾਰਨ ਨੂੰ ਆਪਣੇ ਹੀ ਅੰਦਰ ਢੂੰਡਾਂਗੇ, ਓਨਾਂ ਹੀ ਹੱਛਾ ਹੋਵੇਗਾ, ਕਿਉਂਕਿ ਏਸ ਤਰਾਂ ਕਰਨ ਤੋਂ ਅਸੀ ਆਪਣੇ ਅੰਦਰ ਓਡੀ ਛੇਤੀ ਹੀ ਅਜੇ-ਹੀਆਂ ਹਾਲਤਾਂ ਪੈਦਾ ਕਰ ਸਕਾਂਗੇ, ਜਿਨ੍ਹਾਂ ਤੋਂ ਕਿ ਨੇਕੀ ਜਾਂ ਭਲਿਆਈ ਹੀ ਸਾਡੇ ਅੰਦਰ ਦਾਖ਼ਲ ਹੋ ਸਕੇ।

ਸਾਨੂੰ ਆਪਣੇ ਹੀ ਓਹਨਾਂ ਗੁਣਾਂ ਕਰਕੇ ਸਾਰੀਆਂ ਹਾਲਤਾਂ ਨੂੰ ਵੱਸ ਕਰਨਾ ਚਾਹੀਦਾ ਹੈ, ਪਰ ਆਪਣੀ ਮੂਰਖਤਾ ਕਰਕੇ ਹਰ ਇਕ ਤਰਾਂ ਦੀਆਂ ਅਣਗਿਣਤ ਹਾਲਤਾਂ ਸਾਡੇ ਉੱਤੇ ਪ੍ਰਬਲ ਹੋਕੇ ਸਾਨੂੰ ਅਧੀਨ ਕਰ ਲੈਂਦੀਆਂ ਹਨ।

ਕੀ ਮੈਂ ਪੌਣ ਦੇ ਠੰਢੇ ਝੋਕੇ ਤੋਂ ਡਰਦਾ ਹਾਂ?ਇਸ ਹੁਲਾਰੇ ਵਿਚ ਕੋਈ ਅਜੇਹੀ ਗੱਲ ਨਹੀਂ, ਜਿਸਤੋਂ ਮੈਨੂੰ ਖੇਚਲ ਹੋਵੇ ਅਰ ਜਿਸਤੋਂ ਮੈਨੂੰ ਜ਼ੁਕਾਮ ਜਾਂ ਸ਼ਾਇਦ ਕਿਸੇ ਹੋਰ ਤਰਾਂ ਦੀ ਬੀਮਾਰੀ ਹੋ ਜਾਵੇ। ਇਹ ਪ੍ਰਮਾਤਮਾਂ ਦੀ ਸੁਧ ਪਵਿਤ੍ਰ ਪੌਣ ਦਾ ਇਕ ਛੋਟਾ ਜਿਹਾ ਪਵਿਤ੍ਰ ਕਰਨ ਵਾਲਾ ਝੋਕਾ ਹੈ, ਏਸਦਾ ਮੇਰੇ ਤੇ ਏਨਾਂ ਹੀ ਅਸਰ ਹੋ ਸਕਦਾ ਹੈ ਜਿੰਨਾ ਕਿ ਮੈਂ ਏਸਦੇ ਜੋਗ ਹੋਵਾਂ, ਕੇਵਲ ਉਤਨਾ ਜਿਤਨਾ ਕਿ ਮੈਂ ਇਸਦਾ ਅਸਰ ਹੋਣ ਦਿਆਂ, ਸਾਨੂੰ ਮੌਕਿਆਂ ਤੇ ਕਾਰਨਾਂ ਵਿਖੇ ਕੇਵਲ ਨਿਰਨਾਂ ਕਰਨਾ ਚਾਹੀਦਾ ਹੈ। ਹੁਲਾਰਾ ਕਾਰਨ ਨਹੀਂ ਹੈ ਅਤੇ ਨਾਂ ਉਸਦੇ ਨਾਲ ਹੋਰ ਕੋਈ ਕਾਰਨ ਸ਼ਾਮਲ ਹੈ।

ਫਰਜ਼ ਕਰੋ ਕਿ ਦੋ ਪੁਰਸ਼ ਇਕ ਹੀ ਪੌਣ ਦੇ

ਹੁਲਾਰੇ ਵਿਖੇ ਬੈਠੇ ਹੋਏ ਹਨ, ਇਕ ਪੁਰਸ਼ ਨੂੰ ਤਾਂ ਉਸਤੋਂ ਦੁਖਦਾਈ ਅਸਰ ਪੈਦਾ ਹੋਇਆ ਅਤੇ ਦੂਜਾ ਕੇਵਲ ਉਸਤੋਂ ਕੁਝ ਭੀ ਤਕਲੀਫ ਨਹੀਂ ਮਲੂਮ ਕਰਦਾ, ਸਗੋਂ ਅਨੰਦ ਪ੍ਰਾਪਤ ਕਰਦਾ ਹੈ,ਏਸ ਵਾਸਤੇ ਇਕ ਪੁਰਸ਼ ਤਾਂ ਦੁਖਾਂ ਤੇ ਰੋਗਾਂ ਦੇ ਵੱਸ ਵਿਚ ਹੈ,ਓਹ ਹੁਲਾਰੇ ਤੋਂ ਡਰਦਾ ਹੈ, ਉਸਦੇ ਅੱਗੇ ਸੁੰਗੜ ਜਾਂਦਾ ਹੈ ਅਤੇ ਸਦੀਵ ਇਹ ਖਿਆਲ ਕਰਦਾ ਰਹਿੰਦਾ ਹੈ ਕਿ ਮੈਨੂੰ ਇਸਤੋਂ ਹਾਨੀ ਜਾਂ ਤਕਲੀਫ ਅੱਪੜਦੀ ਹੈ, ਜਾਂ ਇਹ ਆਖੋ ਕਿ ਇਹ ਪੁਰਸ਼ ਇਸ ਹੁਲਾਰੇ ਨੂੰ ਹਰ ਇਕ ਰਸਤੇ ਥੀਂ ਆਪਣੇ ਅੰਦਰ ਪ੍ਰਵਿਰਤ ਤੇ ਦ੍ਰਿੜ੍ਹ ਹੋਣ ਦੇਂਦਾ ਹੈ ਅਰ ਏਸੇ ਤਰਾਂ ਓਹ ਹੁਲਾਰਾ ਤਾਕਤ ਵਰ (ਬਲਵਾਨ) ਹੋਕੇ ਉਸ ਪੁਰਸ਼ ਦੇ ਅੰਦਰ ਆਪਣਾ ਜ਼ੋਰ ਵਖਾਂਦਾ ਹੈ। ਪਰ ਇਹ ਬਲ ਆਪ ਉਸੇ ਪੁਰਸ਼ ਨੇ ਏਸ ਹੁਲਾਰੇ ਦੇ ਅੰਦਰ ਆਉਣ ਦਿੱਤਾ, ਨਹੀਂ ਤਾਂ ਇਹ ਝੋਕਾ ਆਪਣੇ ਆਪ ਤਾਂ ਲਾਭਕਾਰੀ ਹੈ। ਉਲਟ ਇਸਦੇ ਦੂਜਾ ਪੁਰਸ਼ ਆਪਣੇ ਆਪ ਨੂੰ ਦੁਖਾਂ ਤੇ ਰੋਗਾਂ ਤੇ ਪ੍ਰਬਲ ਸਮਝਦਾ ਹੈ ਨਾਂਕਿ ਓਹਨਾਂ ਦਾ ਗੁਲਾਮ ? ਉਸਨੂੰ ਹੁਲਾਰਿਆਂ ਦਾ ਕੁਝ ਭੀ ਫਿਕਰ ਨਹੀਂ,ਇਹ ਪੁਰਸ਼ ਉਸ ਨਾਲ ਆਪਣਾ ਪਿਆਰ ਪ੍ਰਗਟ ਕਰਦਾ ਹੈ, ਆਪ ਉਸ ਉੱਤੇ ਪ੍ਰਬਲ ਹੋ ਜਾਂਦਾ ਹੈ ਅਤੇ ਤਕਲੀਫ ਸਹਾਰਨ ਦੀ ਥਾਂ ਉਸਤੋਂ ਅਨੰਦ ਪ੍ਰਾਪਤ ਕਰਦਾ ਹੈ ਅਤੇ ਏਸ ਝੋਕੇ ਤੋਂ ਏਸ ਪੁਰਸ਼ ਨੂੰ ਇਹੀ ਲਾਭ ਨਹੀਂ ਪਹੁੰਚਦਾ ਕਿ ਬਾਹਰੋਂ ਤਾਜ਼ੀ ਅਤੇ ਖਾਲਸ ਪੌਣ ਖਾਣ ਵਾਸਤੇ ਲਿਆ ਦਿੰਦਾ ਹੈ, ਬਲਕਿ ਹੋਰ ਭੀ ਵਧਕੇ ਕਿ ਇਹ ਓਸਨੂੰ ਕਿਸੇ ਅਗਾਊਂ ਐਸੀਆਂ

ਹਾਲਤਾਂ ਲਈ ਤਿਆਰ ਅਤੇ ਪੱਕਾ ਬਨਾ ਦਿੰਦਾ ਹੈ। ਪਰ ਜੇ ਪੌਣ ਦਾ ਹੁਲਾਰਾ ਆਪਣੇ ਆਪ ਰੋਗ ਦਾ ਕਾਰਨ ਹੁੰਦਾ ਤਾਂ ਦੋਹਾਂ ਪੁਰਸ਼ਾਂ ਵਾਸਤੇ ਇਕੋ ਜਿਹੇ ਹੀ ਨਤੀਜੇ ਪ੍ਰਗਟ ਕਰਦਾ, ਸੋ ਇਕੋ ਜਿਹੇ ਹੀ ਭਾਵ ਨਾਂ ਨਿਕਲਨ ਕਰਕੇ ਸਿੱਧ ਹੁੰਦਾ ਹੈ ਕਿ ਹੁਲਾਰਾ ਕਾਰਨ ਨਹੀਂ, ਸਗੋਂ ਇਕ ਅਜੇਹੀ ਹਾਲਤ ਹੈ ਜੋ ਹਰ ਇਕ ਪੁਰਸ਼ ਵਾਸਤੇ ਉਸਦੀ ਅੰਦ੍ਰਲੀ ਹਾਲਤ ਦੇ ਅਨੁਸਾਰ ਨਤੀਜੇ ਪੈਦਾ ਕਰਦੀ ਹੈ।

ਵਿਚਾਰਾ ਪੌਣ ਦਾ ਹੁਲਾਰਾ! ਜੋ ਲੋਕ ਆਪਣੀ ਕਮਜ਼ੋਰੀ ਠੀਕ ਠੀਕ ਨਹੀਂ ਮਲੂਮ ਕਰ ਸਕਦੇ, ਜਾਂ ਉਸਦਾ ਟਾਕਰਾ ਨਹੀਂ ਕਰ ਸਕਦੇ, ਅਤੇ ਜੋ ਉੱਤਮ ਮਾਲਕ ਬਨਨ ਦੀ ਥਾਂ ਸਦਾ ਨੀਚ ਗੁਲਾਮੀ ਦੀ ਹਾਲਤ ਵਿਚ ਹੀ ਰਹਣਾ ਚਾਹੁੰਦੇ ਹਨ ਓਹ ਹਜ਼ਾਰ ਵਾਰੀ ਕੀ ਸਗੋਂ ਲੱਖਾਂ ਵਾਰੀ ਇਸ ਪੌਣ ਦੇ ਹੁਲਾਰੇ ਨੂੰ ਸਦਕੇ ਦਾ ਬੱਕਰਾ ਬਨਾਂਦੇ ਹਨ, ਇਸੇ ਤੇ ਇਲਜ਼ਾਮ ਲਗਾਂਦੇ ਹਨ ਕਿ ਇਸਤੋਂ ਸਾਨੂੰ ਫਲਾਣੀ ਤਕਲੀਫ ਪੈਦਾ ਹੋਈ ਹੈ। ਜ਼ਰਾ ਸੋਚੋ ਕਿ ਇਸਦੇ ਕੀ ਅਰਥ ਹਨ? ਇਕ ਪੁਰਸ਼ ਜੋ ਅਟੱਲ ਪ੍ਰਮਾਤਮਾਂ ਦਾ ਰੂਪ ਹੈ, ਜੋ ਈਸ਼੍ਵਰੀ ਜੀਵਨ ਅਤੇ ਤਾਕਤ ਨਾਲ ਸਾਂਝ ਰੱਖਦਾ ਹੈ ਅਤੇ ਜੋ ਹਕੂਮਤ ਕਰਨ ਲਈ ਪੈਦਾ ਹੋਇਆ ਹੈ, ਫੇਰ ਕੀ ਕਾਰਨ ਹੈ ਕਿ ਓਹ ਇਕ ਛੋਟੇ ਜੇਹੇ ਜੀਵਨ ਦਾਤਾ ਅਤੇ ਖਾਲਸ ਪੌਣ ਦੇ ਹੁਲਾ-ਰਿਆਂ ਤੋਂ ਡਰੇ ਅਤੇ ਉਸਦੇ ਸਾਹਮਣੇ ਕੰਬੇ ਅਤੇ ਦੀਨ ਹੋ ਜਾਵੇ? ਪਰ ਇਹ ਸਦਕੇ ਦੇ ਬੱਕਰੇ ਸਸਤੇ ਮਿਲ ਗਏ ਹਨ, ਅਤੇ ਕੁਝ ਨਹੀਂ ਤਾਂ ਇਹ ਤਾਂ

ਹੈ ਕਿ ਸਾਡਾ ਮਨ ਸਦੀਵ ਭਾਂਤ ਭਾਂਤ ਦੇ ਧੋਖਿਆਂ ਵਿਚ ਪਿਆ ਰਹਿੰਦਾ ਹੈ, ਅਤੇ ਕਿਧਰੇ ਕਿਸੇ ਨੂੰ ਝੂਠਾ ਦੋਸ਼ ਦੇਂਦਾ ਹੈ ਅਤੇ ਕਿਧਰੇ ਕਿਸੇ ਨੂੰ।

ਪੌਣ ਦੇ ਹੁਲਾਰੇ ਨਾਲ ਜੋ ਕਿਸੇ ਪੁਰਸ਼ ਤੇ ਬੁਰਾ ਅਸਰ ਪੈਦਾ ਹੁੰਦਾ ਹੈ ਉਸਦੇ ਦੂਰ ਕਰਨ ਦਾ ਸਭ ਤੋਂ ਚੰਗਾ ਢੰਗ ਇਹ ਹੈ ਕਿ ਪਹਿਲਾਂ ਪੁਰਸ਼ ਆਪਣੇ ਅੰਦਰ ਨਿਰੋਲ, ਅਤੇ ਅਰੋਗਤਾ ਦਾਤੇ ਕਾਰਨ ਪੈਦਾ ਕਰੇ, ਅਰ ਫੇਰ ਇਸ ਹੁਲਾਰੇ ਦੀ ਬਾਬਤ ਆਪਣਾ ਖਿਆਲ ਬਦਲ ਲਵੇ। ਇਸ ਗੱਲ ਨੂੰ ਮੰਨ ਲਵੋ ਕਿ ਪੌਣ ਦੇ ਹੁਲਾਰੇ ਵਿਚ ਆਪਣੇ ਆਪ ਕੁਝ ਭੀ ਤਾਕਤ ਨਹੀਂ, ਉਸ ਵਿਚ ਜੋ ਤਾਕਤ ਹੈ ਤੁਹਾਡੀ ਦਿੱਤੀ ਹੋਈ ਹੈ–"ਸਭ ਕਿਛੁ ਤੁਮਰੇ ਵਸਿ ਹੈ ਜੋ ਕਰੇ ਕਰਾਇਆ।" ਇਸ ਤਰਾਂ ਨਾਲ ਤੁਸੀ ਉਸਦੇ ਨਾਲ ਪਿਆਰ ਪੈਦਾ ਕਰੋਗੇ, ਅਤੇ ਅੱਗੋਂ ਨੂੰ ਉਸ ਤੋਂ ਨਹੀਂ ਡਰੋਗੇ। ਫੇਰ ਕੁਝਕ ਵਾਰੀ ਪੌਣ ਦੇ ਹੁਲਾਰੇ ਵਿਚ ਬੈਠੋ ਅਤੇ ਉਸਦੀ ਵਾਦੀ ਪਾਓ, ਕਿਉਂਕਿ ਹਰ ਇਕ ਪੁਰਸ਼ ਜੇ ਪੌਣ ਦੇ ਹੁਲਾਰਿਆਂ ਦਾ ਹੁਸ਼ਿਆਰੀ ਨਾਲ ਟਾਕਰਾ ਕਰੇ, ਤਾਂ ਉਸਦੇ ਸਹਾਰਨ ਦਾ ਵਾਦੀਵਾਨ ਹੋ ਜਾਂਦਾ ਹੈ। "ਪਰ ਫਰਜ਼ ਕਰੋ ਕਿ ਇਕ ਪੁਰਸ਼ ਅਰੋਗਤਾ ਦੇ ਲਿਹਾਜ਼ ਨਾਲ ਨਾਜ਼ਕ ਹਾਲਤ ਵਿਚ ਹੈ ਜਾਂ ਖਾਸ ਕਰਕੇ ਪੌਣ ਦੇ ਹੁਲਾਰੇ ਤੋਂ ਉਸਨੂੰ ਤਕਲੀਫ ਪਹੁੰਚਦੀ ਹੈ, (ਉਸਦਾ ਉਪਾਵ ਕੀ?) ਇਸਦਾ ਇਲਾਜ ਇਹ ਹੈ ਕਿ ਆਦ ਵਿਚ ਕੇਵਲ ਕੁਝਕ ਹੁਸ਼ਯਾਰ ਰਹੋ। ਪੌਣ ਦੇ ਬਹੁਤ ਸਖਤ ਹੁਲਾਰੇ ਤੋਂ ਬਚੋ!–ਖਾਸ ਕਰਕੇ ਉਸ ਹਾਲਤ ਵਿਚ ਜਦੋਂ ਕਿ ਤੁਸੀ ਆਪਣੇ ਆਪ

ਨੂੰ ਉਸਦੀ ਸਖਤੀ ਝੱਲਨ ਦੇ ਯੋਗ ਨਾਂ ਸਮਝੋ, ਕਿਉਂਕਿ ਇਸ ਤੋਂ ਮਲੂਮ ਹੁੰਦਾ ਹੈ ਕਿ ਤੁਸੀ ਅਜੇ ਪੌਣ ਦੇ ਹੁਲਾਰੇ ਤੋਂ ਡਰਦੇ ਹੋ। ਸਰਬੱਤ ਜੀਵਨ ਪ੍ਰਧਾਨ ਵਜੋਂ ਤਕਾਰ ਸਧੀ ਹੋਈ ਅਕਲ ਏਥੇ ਭੀ ਉਸੇ ਤਰਾਂ ਹੀ ਵਰਤਨੀ ਚਾਹੀਏ ਜਿਸਤਰਾਂ ਕਿ ਕਿਤੇ ਹੋਰ। ਸੂਝ ਬੁੱਧੀ ਜੀਵਨ ਦੇ ਸਾਰੇ ਕਾਰ ਵਿਹਾਰ ਵਿਚ ਇਕ ਵੱਡਾ ਮਾਤਬਿਰ ਆਗੂ ਹੈ, ਉਸਦੀ ਸਿੱਖਿਆ ਤੋਂ ਏਥੇ ਭੀ ਅਮਲ ਕਰੋ, ਅਰਥਾਤ ਆਪਣੀ ਅਕਲ ਤੋਂ ਕੰਮ ਲਵੋ, ਅਤੇ ਜਿਹਾ ਯੋਗ ਸਮਝੋ ਉਸੇ ਤਰਾਂ ਕਰੋ, ਜੋ ਅਸੀ ਹਕੂਮਤ ਕਰਨ ਵਾਸਤੇ ਪੈਦਾ ਹੋਏ ਹਾਂ, ਹੋਰ ਕਿ ਅਸੀ (ਹਾਕਮ) ਹਾਂ, ਇਹ ਗੱਲ ਸਹੀ ਹੋਈ ਹੋਈ ਹੈ, ਕਿਉਂਕਿ ਬਾਜ਼ੇ ਪੁਰਸ਼ਾਂ ਨੇ ਇਹ ਪਦਵੀ ਪ੍ਰਾਪਤ ਕੀਤੀ ਹੈ, ਅਤੇ ਜੋ ਗੱਲ ਕਿ ਇਕ ਪੁਰਸ਼ ਨੇ ਕਰ ਵਿਖਾਈ ਹੈ ਤਾਂ ਕਦੀ ਨਾਂ ਕਦੀ ਸਾਰੇ ਲੋਕ ਇਸ ਗੱਲਨੂੰ ਕਰ ਸਕਨਗੇ, ਇਸ ਵਾਸਤੇ ਇਹ ਜ਼ਰੂਰੀ ਨਹੀਂ ਕਿ ਅਸੀ ਕਿਸੇ ਮਾਯਕ ਚੀਜ਼ ਦੇ ਵੱਸ ਵਿਚ ਹੋਵੀਏ। ਜਿੰਨਾਂ ਅਸੀ ਆਪਣੀਆਂ ਅੰਦਰਲੀਆਂ ਤਾਕਤਾਂ ਨੂੰ ਸਮਝਾਂਗੇ, ਓਨੀ ਹੀ ਹਕੂਮਤ ਅਤੇ ਪਾਤਸ਼ਾਹੀ ਕਰ ਸਕਾਂਗੇ, ਅਤੇ ਜਿੰਨਾਂ ਅਸੀ ਆਪਣੀਆਂ ਅੰਦਰਲੀਆਂ ਤਾਕਤਾਂ ਨੂੰ ਸਮਝਣ ਵਿਖੇ ਅਧੀਨ ਰਹਾਂਗੇ ਉੱਨਾਂ ਹੀ ਅਸੀ ਗੁਲਾਮ ਬਣਾਂਗੇ, ਅਤੇ ਹੋਰਨਾਂ ਦੇ ਤਾਬਿਆਦਾਰ ਹੋਵਾਂਗੇ। ਜੋ ਕੁਝ ਸਾਡੇ ਅੰਦਰ ਪ੍ਰਤੀਤ ਹੁੰਦਾ ਹੈ ਓਹ ਸਭ ਕੁਝ ਅਸੀ ਆਪ ਹੀ ਬਣਾਉਂਦੇ ਹਾਂ, ਅਤੇ ਜੋ ਚੀਜ਼ ਅਸੀ ਆਪਣੇ ਵੱਲ ਖਿੱਚਦੇ (ਸੱਦਦੇ) ਹਾਂ ਓਹੋ ਹੀ ਸਾਡੇ ਪਾਸ ਔਂਦੀ ਹੈ, ਅਤੇ ਇਹ ਸਾਰਾ ਕੰਮ ਆਤਮਕ ਕਾਨੂਨ ਦੇ ਅਨਸਾਰ

ਹੁੰਦਾ ਹੈ, ਕਿਉਂਕਿ ਸਾਰਾ ਕੁਦਰਤੀ ਕਾਨੂਨ ਆਤਮਕ ਕਾਨੂਨ ਹੈ।

ਸਾਰਾ ਮਨੁੱਸ਼ ਜੀਵਨ ਕਾਰਨ ਕਾਰਜ ਦੀ ਲੜੀ ਵਿਚ ਜਕੜਿਆ ਹੋਇਆ ਹੈ, ਇਸ ਜੀਵਨ ਵਿਚ ਕੀ ਸਗੋਂ ਸਾਰੀ ਸ੍ਰਿਸ਼ਟੀ ਵਿਚ ਕੋਈ ਅਜੇਹੀ ਸ਼ੈ ਨਹੀਂ ਹੈ ਜਿਸਨੂੰ ਇਤਫ਼ਾਕ (ਅਚਾਨਚੱਕ) ਆਖਦੇ ਹਨ, ਅਰਥਾਤ ਕੋਈ ਗੱਲ ਇਤਫਾਕ ਤੋਂ ਪ੍ਰਗਟ ਨਹੀਂ ਹੋਂਦੀ ਸਗੋਂ ਉਸ ਦਾ ਕੋਈ ਨਾਂ ਕੋਈ ਕਾਰਨ ਹੁੰਦਾ ਹੈ । ਏਸ ਵਾਸਤੇ ਜੋ ਕੁਝ ਸਾਡੇ ਜੀਵਨ ਵਿਖੇ ਬੀਤਦਾ ਹੈ, ਕੀ ਅਸੀ ਉਸਤੇ ਸੰਤੋਖ ਨਹੀਂ ਕਰਦੇ ? ਅਸਲ ਵਿਚ ਇਹ ਗੱਲ ਕਰਨੀ ਚਾਹੀਦੀਹੈ ਕਿ ਸਾਨੂੰ ਆਪਣਾਸਮਾਂ ਤਕਦੀਰ(ਪ੍ਰਾਲਬਧ) ਨੂੰ ਬੁਰਾ ਆਖਨ ਜਾਂ ਉਸ ਉੱਤੇ ਇਲਜਾਮ ਲਾਣ ਵਿਚ ਖਰਚ ਨਹੀਂ ਕਰਨਾਂ ਚਾਹੀਦਾ। ਇਹ ਪ੍ਰਾਲਭਧ ਇਕ ਕੇਵਲ ਮਨੋ ਕਲਪਨਾਂ ਹੈ, ਅਤੇ ਸਾਡੀ ਮਨ ਘੜਤ ਚੀਜ਼ ਹੈ, ਸਗੋਂ ਸਾਨੂੰ ਚਾਹੀਦਾ ਹੈ ਕਿ ਅਸੀ ਆਪਣੇ ਅੰਦਰ ਵਿਚਾਰ ਕਰੀਏ ਅਤੇ ਜੋ ਕਾਰਨ ਉਲਟੇ ਕੰਮ ਕਰ ਰਹੇ ਹਨ ਓਹਨਾਂ ਨੂੰ ਪਲਟ ਦੇਈਏ, ਤਾਂਕਿ ਹੋਰ ੨ ਤਰਾਂ ਦੀਆਂ ਚੀਜ਼ਾਂ ਪ੍ਰਾਪਤ ਹੋ ਸਕਨ, ਕਿਉਂਕਿ ਜਿਸ-ਤਰਾਂ ਦੀਆਂ ਚੀਜ਼ਾਂ ਅਸੀ ਚਾਹਾਂਗੇ ਹੂਬਹੂ ਉਜੇਹੀਆਂ ਹੀ ਅਸੀ ਪੈਦਾ ਕਰ ਸਕਾਂਗੇ। ਇਹ ਗੱਲ ਕੇਵਲ ਸਥੂਲ ਸਰੀਰ ਦੀ ਹਾਲਤ ਵਿਚ ਹੀ ਠੀਕ ਨਹੀਂ ਸਗੋਂ ਜੀਵਨ ਦੀਆਂ ਸਾਰੀਆਂ ਸੂਰਤਾਂ ਅਤੇ ਹਾਲਤਾਂ ਵਿਚ ਵਾਪਰ ਸਕਦੀ ਹੈ ।ਜੋ ਕੁਝ ਅਸੀ ਦਿਲੋਂ ਚਾਹੁੰਦੇ ਹਾਂ ਓਹੀ ਹੁੰਦਾ ਹੈ, ਜੇ ਅਸੀ ਜਾਨ ਬੁਝਕੇ ਜਾਂ ਅਨਜਾਣ ਪੁਣੇ ਨਾਲ

ਜਿਸ ਚੀਜ਼ ਨੂੰ ਨਹੀਂ ਚਾਹੁੰਦੇ ਓਹ ਸ਼ੈ ਨਹੀਂ ਆ ਸਕਦੀ ਅਤੇ ਨਾਂ ਆਵੇਗੀ। ਇਸ ਵਿਚ ਸ਼ੱਕ ਨਹੀਂ ਕਿ ਬੀਜੇ ਪੁਰਸ਼ ਆਦ ਵਿਖੇ ਇਸ ਗੱਲ ਤੇ ਨਿਸਚਾ ਨਾਂ ਕਰਨਗੇ ਅਤੇ ਨਾਂ ਇਸਨੂੰ ਹੱਛੀ ਤਰਾਂ ਸਮਝਨਗੇ, ਪਰ ਜਿੰਨਾ ਕੋਈ ਪੁਰਸ਼ ਸੱਚੇ ਅਤੇ ਸਾਫ ਦਿਲ ਨਾਲ ਏਸ ਗੱਲ ਤੇ ਸੂਖਮ ਵਿਚਾਰ ਕਰੇ ਅਤੇ ਫੇਰ ਖਿਆਲ ਦੀਆਂ ਤਾਕਤਾਂ ਦੇ ਸਭ ਤਰਾਂ ਨਾਲ ਸਮਰਥ (ਸੁਤੰਤ੍ਰ) ਕਰਤੱਵਾਂ ਦਾ ਵਿਚਾਰ ਕਰੇ ਅਤੇ ਜਦੋਂ ਓਹ ਆਪਣੇ ਅੰਦਰ ਅਤੇ ਆਪਣੇ ਆਲੇ ਦੁਆਲੇ ਓਹਨਾਂ ਦੇ ਭਾਵਾਂ ਦੀ ਲੜੀ ਦਾ ਪਤਾ ਲਾ ਲਵੇਗਾ ਤਾਂ ਇਹ ਗੱਲ ਉਸ ਉੱਤੇ ਹੱਛੀ ਤਰਾਂ ਪ੍ਰਗਟ ਹੋ ਜਾਇਗੀ ਅਤੇ ਉਸਨੂੰ ਸਮਝਣਾ ਸੁਖੱਲਾ ਹੋ ਜਾਊ।

ਇਸਤੋਂ ਛੁਟ ਜੋ ਕੁਝ ਕਿਸੇ ਪੁਰਸ਼ ਨੂੰ ਮਿਲਦਾ ਹੈ ਜਾਂ ਜੋ ਕੁਝ ਕਿਸੇ ਤੇ ਵਰਤਦਾ ਹੈ ਅਰ ਉਸਤੋਂ ਜੋ ਅਸਰ ਉਸ ਪੁਰਸ਼ ਤੇ ਹੁੰਦਾ ਹੈ, ਇਹ ਅਸਰ ਨਿਰਾ ਪੁਰਾ ਏਸ ਗੱਲ ਤੇ ਨਿਰਭਰ ਹੈ ਕਿ ਓਹ ਏਸ ਵਾਰਦਾਤ ਜਾਂ ਸ਼ੈ ਦੀ ਬਾਬਤ ਕੀ ਖਿਆਲ ਕਰਦਾ ਹੈ, ਕੀ ਫਲਾਣੀ ਵਾਰਦਾਤ ਜਾਂ ਹਾਲਤ ਤੋਂ ਤੁਸਾਨੂੰ ਤਕਲੀਫ ਪਹੁੰਚਦੀ ਹੈ ? ਬਹੁਤ ਹੱਛਾ, ਉਸਤੋਂ ਤੁਹਾਨੂੰ ਤਕਲੀਫ ਪਹੁੰਚਦੀ ਹੈ ਅਰ ਓਹ ਤੁਹਾਡੇ ਅਮਨ ਅਮਾਨ ਵਿਖੇ ਵਿਘਨੀ ਹੁੰਦਾ ਹੈ, ਜਾਂ ਰੰਗ ਵਿਖੇ ਭੰਗ ਪਾਂਦਾ ਹੈ, ਏਸ ਵਾਸਤੇ ਕਿ ਤੁਸੀ ਉਸਨੂੰ ਆਪ ਆਪਣੇ ਦੁਖ ਦੇਨ ਦਾ ਕਾਰਨ ਸਮਝਦੇ ਹੋ। ਤੁਸੀ ਏਸ ਵਾਸਤੇ ਪੈਦਾ ਹੋਏ ਹੋ ਕਿ ਆਪਣੀ ਖਾਸ ਪਾਤਸ਼ਾਹੀ ਨੂੰ ਪੂਰਾ ਪੂਰਾ ਵੱਸ ਵਿਚ ਰੱਖੋ, ਪਰ ਜੇ ਤੁਸੀ ਆਪ ਹੀ

ਆਪਣੀ ਮਰਜ਼ੀ ਨਾਲ ਇਹ ਅਖਤਿਆਰ ਜਾਂ ਹਕੂਮਤ —ਭਾਵੇਂ ਥੋਹੜੇ ਹੀ ਚਿਰ ਵਾਸਤੇ ਕਿਉਂ ਨਾਂ ਹੋਵੇ—ਕਿਸੇ ਦੂਜੇ ਪੁਰਸ਼ ਨੂੰ ਜਾਂ ਕਿਸੇ ਹੋਰ ਸ਼ੈ ਨੂੰ ਸੌਂਪ ਦਿਓਗੇ ਤਾਂ ਫੇਰ ਬਿਨਾਂ ਸੰਦੇਹ ਦੇ ਤੁਸੀ ਨਿਰੇ ਪੂਰੇ ਉਸਦੇ ਗੁਲਾਮ ਬਣ ਜਾਉਗੇ ਅਤੇ ਉਸੇ ਦੇ ਕਾਬੂ ਵਿਚ ਰਹੋਗੇ।

ਜੇ ਤੁਸੀ ਚਾਹੁੰਦੇ ਹੋ ਕਿ ਬੀਤਣ ਵਾਲੇ ਵਾਕਿਆਤ ਤੁਹਾਡੇ ਉੱਤੇ ਕਿਸੇ ਤਰਾਂ ਵਿਘਨੀ ਨਾਂ ਹੋਵਨ ਅਤੇ ਤੁਹਾਨੂੰ ਆਪਣੀ ਥਾਂ ਤੋਂ ਨਾਂ ਹਲਾਨ, ਤਾਂ ਇਹ ਜ਼ਰੂਰੀ ਹੈ ਕਿ ਤੁਸੀ ਪਹਿਲਾਂ ਆਪਣੇ ਕੇਂਦ੍ਰ (ਅਸਲ) ਦਾ ਪਤਾ ਕਰੋ। ਫੇਰ ਤੁਹਾਨੂੰ ਚਾਹੀਦਾ ਹੈ ਕਿ ਆਪਣੇ ਕੇਂਦ੍ਰ ਤੇ ਪੱਕੀ ਤਰਾਂ ਜੰਮੇਂ ਬੈਠੇ ਰਹੋ ਅਤੇ ਇਸ ਭਾਂਤ ਦ੍ਰਿੜ੍ਹ ਰੈਹਕੇ ਅੰਦਰੋਂ ਹੀ ਸਾਰੇ ਸੰਸਾਰ ਤੇ ਹਕੂਮਤ ਕਰੋ। ਜੋ ਪੁਰਸ਼ ਆਪ ਵਾਕਿਆਤ ਨੂੰ ਵੱਸ ਵਿਚ ਨਹੀਂ ਕਰਦਾ, ਉਸ ਵਾਸਤੇ ਮਾਮਲਾ ਉਲਟ ਹੋ ਜਾਂਦਾ ਹੈ, ਆਪਣਾ ਅਸਲ ਮਲੂਮ ਕਰੋ ਅਤੇ ਉਸ ਵਿਖੇ ਪੱਕੇ ਹੋਕੇ ਬੈਠ ਜਾਓ, ਕਿਸੇ ਦੂਜੇ ਪੁਰਸ਼ ਜਾਂ ਸ਼ੈ ਨੂੰ ਉਸ ਵਿਚ ਦਾਖਲ ਨਾਂ ਹੋਣ ਦਿਉ, ਜਿਨਾ ਤੁਸੀ ਚੰਗੀ ਤਰਾਂ ਨਾਲ ਅਜਿਹਾ ਕਰੋਗੇ, ਤੁਸੀ ਆਪਣੀ ਬਾਬਤ ਇਹ ਮਲੂਮ ਕਰ ਲਵੋਗੇ ਕਿ ਅਸੀ ਇਸ ਵਿਖੇ ਦਿਨੋਂ ਦਿਨ ਜ਼ਿਆਦਾ ਪੱਕੇ ਹੁੰਦੇ ਜਾਂਦੇ ਹਾਂ। ਹੁਣ ਸੁਆਲ ਇਹ ਹੈ ਕਿ ਹਰ ਇਕ ਪੁਰਸ਼ ਆਪਣਾ ਮਰਕਜ਼ ਕਿਸਤਰਾਂ ਮਲੂਮ ਕਰ ਸਕਦਾ ਹੈ ? ਇਹ ਕੇਂਦ੍ਰ ਉਸ ਬਅੰਤ ਸ਼ਕਤੀ (ਵਾਹਗੁਰੂ) ਨਾਲ ਆਪਣੀ ਏਕਤਾ ਅਨਭਉ ਕਰਨ ਕਰਕੇ ਅਤੇ ਏਸੇ ਹੀ ਅਨਭਉ ਵਿਖੇ ਸਦੀਵ ਕਾਲ (ਨਿਰੰਤ੍ਰ) ਇਸਥਿਤ ਰਹਿਣ ਕਰਕੇ

ਜਾਣਿਆਂ ਜਾ ਸਕਦਾ ਹੈ।

ਪਰ ਜੇ ਤੁਸੀ ਆਪਣੇ ਹੀ ਕੇਂਦ੍ਰ ਤੋਂ ਹਕੂਮਤ ਨਾਂ ਕਰੋ ਅਰ ਜੇ ਤੁਸੀ ਫਲਾਣੇ ਪੁਰਸ਼ ਜਾਂ ਸ਼ੈ ਨੂੰ ਇਹ ਸਮਝ ਲਵੋ ਕਿ ਇਸਤੋਂ ਤੁਹਾਨੂੰ ਤਕਲੀਫ ਬੁਰਿਆਈ ਜਾਂ ਨੁਕਸਾਨ ਪਹੁੰਚਦਾ ਹੈ, ਅਰਥਾਤ ਇਸ ਵਿਚ ਤੁਹਾਨੂੰ ਹਾਨੀ ਆਦਕ ਪੁਚਾਨ ਦੀ ਸ਼ਕਤੀ ਹੈ, ਤਾਂ ਫੇਰ ਜੋ ਕੁਝ ਉਸ ਚੀਜ਼ ਜਾਂ ਪੁਰਸ਼ ਤੋਂ ਪ੍ਰਗਟ ਹੋਵੇ ਉਸਨੂੰ ਭੁਗਤੋ। ਕਹਾਵਤ ਹੈ, ਕਿ :"ਆਪਣੇ ਕੀਤੇ ਹੋਏ ਦਾ ਕੀ ਉਪਾਇ ਹੈ?" ਪਰ ਫੇਰ ਤੁਸੀ ਸਾਰੀਆਂ ਚੀਜ਼ਾਂ ਨੂੰ ਬੁਰਾ ਨਾਂ ਆਖੋ ਅਤੇ ਓਹਨਾਂ ਤੇ ਇਲਜ਼ਾਮ ਨਾਂ ਲਾਓ ਕਿ ਓਹਨਾਂ ਵਿਖੇ ਵਾਸਤ੍ਰੀ ਨੇਕੀ ਅਤੇ ਕ੍ਰਿਪਾਲਤਾ ਦੀ ਲੜੀ ਨਹੀਂ ਹੈ। (ਅਸਲ ਵਿਚ ਹਰ ਇਕ ਸ਼ੈ ਅਤੇ ਵਾਕਿਆਤ ਵਿਖੇ ਈਸ਼੍ਵਰ ਪ੍ਰਮਾਤਮਾਂ ਵਲੋਂ ਅਟੱਲ ਨੇਕੀ ਅਤੇ ਕ੍ਰਿਪਾਲਤਾ ਦੀ ਲੜੀ ਬਖਸ਼ੀ ਹੋਈ ਹੈ ਅਤੇ ਸਾਰਾ ਕੁਝ ਪੁਰਸ਼ ਦੇ ਲਾਭ ਵਾਸਤੇ ਹੈ, ਇਸਦੇ ਉਲਟ ਖ੍ਯਾਲ ਕਰਨਾ ਮਨੁੱਸ਼ ਦੀ ਭੁੱਲ ਹੈ ,ਅਤੇ ਉਸਦੀ ਸਮਝ ਦਾ ਫੇਰ ਹੈ।)

ਖਾਇਕੇ ਸੁਗੰਦ, ਕਹਾਂ ਸੱਚ ਸੱਚ ਸੁਨੋਂ ਭਾਈ,
ਪੂਰਣ ਜੋ ਨਾਰ ਨਰ ਪੂਰਣ ਸੰਸਾਰ ਤਿਸ ।
(ਸੁਖੀਏ ਕਉ ਸਭ ਹੀ ਦਿਖਾਈ ਦੇਤ ਸੁਖ ਰੂਪ,
ਦੁਖੀਆ ਸੰਸਾਰ ਲਹੇ, ਗ੍ਰਾਸਜੋ ਹੋ ਰੋਗ ਜਿਸ।)
ਦੋਏ ਦ੍ਰਿਸ਼ਟੇ ਜਗ ਮੇਂ ਸੰਦੇਹ ਰਹਿਤ ਤਾਂਹਿ ਲਈਏ,
ਜਾਸ ਚਿਤ ਪਰਮ ਰਹੇ ਸਦਾ ਸੁਧੰ ਐਸੀ ਦਿਸ।
ਮਤ ਕੋ ਮਦਾਨ ਕਰੋ, ਦੋਏ ਦ੍ਰਿਸ਼ਟੇ ਖੇਦ ਧਰੋ,
ਪੱਧਰ ਹੋ ਜਾਓ ਜਾਓ ਹਮਸਾਰ ਹੋਇ ਤਿੱਸ।

ਜੇ ਤੁਹਾਡੀ ਆਤਮਾਂ ਦੀਆਂ ਖਿੜਕੀਆਂ ਮੈਲੀਆਂ ਅਤੇ ਦਾਗੀ ਹਨ ਅਤੇ ਓਹਨਾਂ ਤੇ ਮੈਲ ਜੰਮੀ ਹੋਈ ਹੈ, ਤਾਂ ਓਹਨਾਂ ਖਿੜਕੀਆਂ (ਬਾਰੀਆਂ) ਵਿਚੋਂ ਸਾਰੀ ਸ੍ਰਿਸ਼ਟੀ ਤੁਹਾਨੂੰ ਮੈਲੀ ਧੱਬੇਦਾਰ ਅਤੇ ਬੇਢੱਬ ਵਖਾਲੀ ਦੇਵੇਗੀ, ਪਰ ਆਪਣੀਆਂ ਸ਼ਿਕੈਤਾਂ ਕਰਨੀਆਂ ਬੰਦ ਕਰੋ ਅਤੇ ਆਪਣੀ ਹਾਲਤ ਤੇ ਅਫਸੋਸ ਤੇ ਸ਼ੋਕ ਕਰਨਾ ਛੱਡ ਦਿਓ, ਕਿਉਂਕਿ ਏਹਨਾਂ ਗੱਲਾਂ ਤੋਂ ਤਾਂ ਕੇਵਲ ਇਹ ਪ੍ਰਗਟ ਹੁੰਦਾ ਹੈ ਕਿ ਤੁਹਾਡੀਆਂ ਬਾਹੀਆਂ ਦੇ ਸ਼ੀਸ਼ੇ ਸਫਾਈ ਚਾਹੁੰਦੇ ਹਨ। ਪਰ ਇਹ ਜਾਣ ਲਵੋ ਕਿ ਤੁਹਾਡਾ ਮਿੱਤ੍ਰ ਜੋ ਆਪਣੀਆਂ ਖਿੜਕੀਆਂ ਨੂੰ ਸਾਫ ਰੱਖਦਾ ਹੈ, ਏਸ ਵਾਸਤੇ ਕਿ ਅਟੱਲ ਸੂਰਜ ਦੀਆਂ ਕਿਰਨਾਂ ਅੰਦਰ ਵਾਲੀਆਂ ਸਾਰੀਆਂ ਚੀਜ਼ਾਂ ਨੂੰ ਪ੍ਰਕਾਸ਼ ਵਾਨ ਕਰ ਦੇਵਨ ਅਤੇ ਬਾਹਰਲੀਆਂ ਸਾਰੀਆਂ ਚੀਜ਼ਾਂ ਨੂੰ ਸਾਫ ਸਾਫ ਵਖਾ ਦੇਨ, ਓਹ ਮਿੱਤ੍ਰ ਤੁਹਾਥੋਂ ਵੱਖਰਾ ਹੀ ਜੀਵਨ ਸੰਸਾਰ ਵਿਚ ਬਤੀਤ ਕਰਦਾ ਹੈ।

ਬੱਸ ਜਾਓ ਅਤੇ ਆਪਣੀਆਂ ਬਾਰੀਆਂ ਦੇ ਸ਼ੀਸ਼ਿਆਂ ਨੂੰ ਧੋ ਦਿਓ ਅਤੇ ਕਿਸੇ ਹੋਰ ਪ੍ਰਲੋਕੀ ਕਾਮਨਾਂ ਦੀ ਥਾਂ ਤੁਸੀ ਏਸੇ ਸ੍ਰਿਸ਼ਟੀ ਦੀਆਂ ਅਚਰਜ ਅਚਰਜ ਸੁੰਦ੍ਰਤਾ-ਈਆਂ ਵੇਖੋਗੇ, ਅਤੇ ਜੇ ਤੁਹਾਨੂੰ ਏਸ ਸ੍ਰਿਸ਼ਟੀ ਵਿਚ ਹਰ ਪਾਸਿਓਂ ਉੱਚ ਦਰਜੇ ਦੀਆਂ ਸੁੰਦ੍ਰਤਾਈਆਂ ਨਾਂ ਮਿਲਨ ਤਾਂ ਇਹ ਅਉਸਰ ਕਦਾਚਿੱਤ ਹੋਰ ਕਿਸੇ ਥਾਂ ਭੀ ਤੁਹਾਨੂੰ ਨਹੀਂ ਮਿਲਨਗੇ। ਗੁਰੂ ਸਾਹਬ ਜੀਨੇ ਭੀ ਕਿਹਾ ਹੈ, ਕਿ :

"ਅਥਹਿ ਨ ਮਾਤਾ ਸੋ ਕਥਹਿ ਨ ਮਾਤਾ।"

ਮਹਿਲ੍ਹਆਂ ਦੇ ਬੇਰਾਂ ਪੱਤਾਂ ਪੁਰ, ਦ੍ਰਿਸ਼ਟ ਕਵੀ ਜਦ ਪੈਂਦੀ।

ਸਬਜ਼ੇ ਰਤਨ ਜੜਾਵੀਂ ਰਚਨਾ, ਪਿਖ ਪਿਖ ਮੌਜਾਂ ਲੈਂਦੀ।
ਗਲੀ ਬਜ਼ਾਰੋਂ ਲੰਘਦਾ ਹੋਯਾ, ਸ਼ੈਕਸਪੀਅਰ ਜਦ ਜਾਵੇ।
ਸ੍ਵਾਂਗ ਧਰੰਤੇ ਨਰ ਨਾਰੀ ਸਭ, ਨਾਟਕ ਠਾਟ ਤਕਾਵੇ।

ਯਥਾ–"ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ
ਸੋ ਬਿਨ ਹਰਿ ਜਾਪਤ ਹੈ ਨਹੀ ਹੋਰ।"

[ਗੁਰ ਪ੍ਰਮਾਣ

(ਉੱਚ ਤੇ ਸਮ ਦ੍ਰਿਸ਼ਟੀ ਸਜਨਾਂ ਵਾਸਤੇ ਕੰਡਿਆਂ ਵਾਲੀ ਝਾੜੀ ਦੇ ਹਰ ਪੱਤੇ ਤੇ ਜੋ ਤ੍ਰੇਲ ਦੀ ਬੂੰਦ ਹੈ ਇਕ ਅਨੋਖਾ ਤੇ ਵਡਮੁੱਲਾ ਮੋਤੀ ਹੈ ਅਤੇ ਸ਼ੈਕਸਪੀਅਰ ਵਰਗੇ ਬੁਧਵਾਨਾਂ ਲਈ ਹਰ ਇਕ ਗਲੀ ਕੂਚਾ ਸਾਂਗ ਅਤੇ ਤਮਾਸ਼ਿਆਂ ਨਾਲ ਭਰਿਆ ਹੋਇਆ ਹੈ।)

ਇਹ ਓਹੀ (ਅੰਗ੍ਰੇਜ਼ੀ ਨਾਟਕ ਨਵੀਸ ਕਵੀਸ਼੍ਵਰ) ਸ਼ੈਕਸਪੀਅਰ ਹੈ ਜੋ ਕੇਵਲ (ਕਿਤੋਂ) ਲੰਘਨ ਮਾਤ੍ਰ ਤੇ ਹੀ ਸਭ ਕਾਸੇ ਨੂੰ ਭੜਕਾ ਮਾਰਦਾ ਹੈ। ਇਕ ਓਹ ਆਦਮ ਹੈ ਜਿਸਨੇ ਆਪਣੇ ਖਿਆਲਾਂ ਵਿਚੋਂ (ਕਿਤਾਬਾਈਂ) ਇਕ ਇਹ ਖਿਆਲ ਪ੍ਰਗਟ ਕੀਤਾ ਹੈ :–"ਹੇ ਪਿਆਰੇ ਮਿੱਤ੍ਰ! ਅਸੀ ਜੋ ਨੀਵੀਂ ਦਸ਼ਾ ਵਿਖੇ ਹਾਂ, ਇਹ ਸਤਾਰਿਆਂ ਦਾ (ਸਾਡੀ ਕਿਸਮਤ ਦਾ) ਦੋਸ਼ ਨਹੀਂ, ਸਗੋਂ ਸਾਡਾ ਆਪਣਾ ਹੀ ਦੋਸ਼ ਹੈ। ਸ਼ੈਕਸਪੀਅਰ ਨੇ ਆਪਣੇ ਜੀਵਨ ਵਿਖੇ ਜੋ ਸਭ ਤੋਂ ਵੱਡੀ ਪੁਸਤਕ ਲਿਖੀ ਹੈ, ਓਹ ਏਸ ਗੱਲ ਦੀ ਪੂਰੀ ਪੂਰੀ ਸੱਚੀ ਗੁਆਹੀ ਹੈ ਕਿ ਜਿਨ੍ਹਾਂ ਗੱਲਾਂ ਤੇ ਅਸੀ ਵਿਚਾਰ ਕਰ ਰਹੇ ਹਾਂ ਉਸਨੇ ਓਹਨਾਂ ਦੀ ਅਸਲੀਅਤ ਨੂੰ ਹੱਛੀ ਤਰਾਂ ਅਨਭਉ ਕਰ ਲਿਆ ਸੀ। ਇਸਤੋਂ ਛੁੱਟ ਜਿਸ ਬਾਰੇ ਵਿਚ ਅਸੀ ਸੋਚ ਰਹੇ ਹਾਂ ਉਸਦੀ ਪ੍ਰੌਢਤਾ

ਵਿਖੇ ਇਕ ਵੱਡੀ ਸਾਰੀ ਸਚਿਆਈ ਵਰਨਨ ਕੀਤੀ, ਜਦ ਕਿ ਓਸਨੇ ਇਹ ਗੱਲ ਕਹੀ ਸੀ ਕਿ ਸਾਰੇ ਭਰਮ ਅਤੇ ਸ਼ੱਕ ਹੀ ਸਾਨੂੰ ਡੋਬਨ ਵਾਲੇ (ਬੁੱਕਲ ਦੇ ਸੱਪ) ਹਨ ਅਤੇ ਜਿਨ੍ਹਾਂ ਫਾਇਦਿਆਂ ਦਾ ਪ੍ਰਾਪਤ ਕਰਨਾ ਸਾਡੇ ਬਲ ਵਿਚ ਹੈ ਓਹਨਾਂ ਵਾਸਤੇ ਯਤਨ ਕਰਨ ਤੋਂ ਸਾਨੂੰ ਡਰਾ ਦੇਂਦੇ ਹਨ।"

ਸੰਸਾਰ ਵਿਚ ਸਾਡੇ ਵਾਸਤੇ ਦੁਖਦਾਈ ਹਾਲਤਾਂ ਦੇ ਪੈਦਾ ਕਰਨ ਵਾਲੀ ਵਸ਼ੇਸ਼ ਕਰਕੇ ਭੈ ਤੋਂ ਵਧਕੇ ਹੋਰ ਕੋਈ ਵਸਤੂ ਨਹੀਂ ਹੈ, ਸਾਨੂੰ ਚਾਹੀਦਾ ਹੈ ਕਿ ਅਸੀ ਕਿਸੇ ਚੀਜ਼ ਤੋਂ ਨਾਂ ਡਰੀਏ ਅਰ ਜਦੋਂ ਅਸੀ ਆਪਣੇ ਆਪ ਨੂੰ ਚੰਗੀ ਤਰਾਂ ਜਾਨ ਲਵਾਂਗੇ ਤਾਂ ਅਸੀ ਕਿਸੇ ਚੀਜ਼ ਤੋਂ ਨਹੀਂ ਡਰਾਂਗੇ। ਯਥਾ:–"ਡਰ ਡਰ ਮਰਤੇ ਜਬ ਜਾਨਿਆ ਦੂਰ। ਡਰ ਬਿਨਸਿਆ ਪੇਖਿਆ ਭਰਪੂਰ।" ਗੁਰ ਪ੍ਰਮਾਣ। 'ਡਰਿਆ ਸੋ ਮਰਿਆ' ਇਹ ਇਕ ਪ੍ਰਸਿੱਧ ਕਹਾਵਤ ਭੀ ਹੈ।

ਇਕ ਫਰਾਂਸੀਸੀ ਦਾ ਕਥਨ ਹੈ:–"ਕ੍ਰੋਚਿਤ ਦੁਖ ਨਿਜ ਤੁਮਹੁ ਬਿਡਾਰੇ। ਮਹਾਂ ਦੁਖ ਅਬ ਲੌ ਨ ਨਿਵਾਰੇ। ਪਰ ਕਲੇਸ਼ ਦੁਖ ਪ੍ਰਦ ਜੁ ਸਹਾਰੇ। ਉਨ ਕੁਚਾਲ ਫਲ, ਕਦਿ ਨ ਨਿਹਾਰੋ।"

ਭੈ ਅਤੇ ਬੇਵਿਸਵਾਸੀ ਦੋਵੇਂ ਨਾਲ ਨਾਲ ਰਹਿੰਦੀਆਂ ਹਨ, ਡਰ ਬੇਵਿਸਵਾਸੀ ਤੋਂ ਪੈਦਾ ਹੁੰਦਾ ਹੈ ਅਤੇ ਬੇਵਿਸਵਾਸੀ ਡਰ ਤੋਂ। ਜੇ ਮੈਨੂੰ ਮਲੂਮ ਹੋ ਜਾਵੇ ਕਿ ਫਲਾਣਾ ਪੁਰਸ਼ ਕਿੰਨਾ ਭੈ ਮੰਨਦਾ ਜਾਂ ਡਰਨ ਦੀ ਵਾਦੀ ਵਾਲਾ ਹੈ ਤਾਂ ਮੈਂ ਇਹ ਦੱਸ ਸਕਦਾ ਹਾਂ ਕਿ ਓਹ ਪੁਰਸ਼

ਕਿੰਨਾ ਕੁ ਬੇਵਿਸਵਾਸ਼ਾ ਹੈ, ਪਰੇਸ਼ਾਨੀ ਜਾਂ ਉਦਾਸੀ ਦੀ ਨਿਆਈਂ ਭੈ ਭੀ ਇਕ ਭਾਰੂ ਪ੍ਰਾਹੁਣਾ ਹੈ। ਏਹ ਦੋਵੇਂ ਅਰਥਾਤ ਪ੍ਰੇਸ਼ਾਨੀ ਅਤੇ ਭੈ ਏਨੇਂ ਭਾਰੇ ਹਨ ਅਤੇ ਉਨ੍ਹਾਂ ਦੀ ਖ਼ਾਤ੍ਰ ਤੁਆਜ਼ਿਆ ਵਿਖੇ ਏਨਾਂ ਅਧਕ ਖਰਚ ਹੁੰਦਾ ਹੈ ਕਿ ਕੋਈ ਪੁਰਸ਼ ਓਹਨਾਂ ਦੀ ਪ੍ਰਾਹੁਣਚਾਰੀ ਦੀ ਸੇਵਾ ਦਾ ਬਲ ਨਹੀਂ ਰੱਖ ਸਕਦਾ, ਜਿਸ ਸ਼ੈ ਤੋਂ ਅਸੀ ਡਰਦੇ ਹਾਂ ਉਸੇ ਨੂੰ ਅਸੀ ਸੱਦਾ ਦਿੰਦੇ ਹਾਂ, ਐਨ ਓਸੇ ਤਰਾਂ ਹੀ ਮਨ ਦੇ ਵੱਖੋ ਵੱਖੀ ਸੁਭਾਵ ਨਾਲ ਅਸੀ ਓਹਨਾਂ ਹਾਲਤਾਂ ਤੇ ਅਸਰਾਂ ਨੂੰ ਸੱਦਾ ਦਿੰਦੇ ਤੇ ਖਿੱਚਦੇ ਹਾਂ, ਜਿਨ੍ਹਾਂ ਦੀ ਕਿ ਸਾਨੂੰ ਚਾਹਨਾਂ ਹੁੰਦੀ ਹੈ। ਡਰ ਦੇ ਅਧੀਨ ਹੋਇਆ੨ ਮਨ ਓਹਨਾਂ ਵਸਤੂਆਂ ਨੂੰ ਅੰਦਰ ਆਉਨ ਲਈ ਅਤੇ ਉਨ੍ਹਾਂ ਹੀ ਹਾਲਤਾਂ ਨੂੰ ਵਾਪਰਨ ਲਈ—ਜਿਨ੍ਹਾਂ ਤੋਂ ਕਿ ਇਹ ਡਰਦਾ ਰਹਿੰਦਾ ਹੈ—ਦਰਵਾਜ਼ਾ ਖੋਲ੍ਹ ਦਿੰਦਾ ਹੈ, ਭਾਵ ਓਹੋ ਕੁਝ ਉਸ ਉੱਤੇ ਵਾਪਰ ਜਾਂਦਾ ਹੈ। ਇਕ ਦਿਹਾੜੇ ਤਾਊਨ ਦੀ ਬੀਮਾਰੀ ਇਕ ਪੂਰਬ ਦੇਸ ਨਿਵਾਸੀ ਯਾਤਰੂ ਨੂੰ ਰਸਤੇ ਵਿਚ ਮਿਲੀ, ਯਾਤ੍ਰੀ ਨੇ ਉਸ ਕੋਲੋਂ ਪੁਛਿਆ: "ਤੂੰ ਕਿੱਥੇ ਜਾ ਰਹੀ ਹੈਂ" ਉਸਨੇ ਉੱਤਰ ਦਿੱਤਾ ਕਿ ਮੈਂ ਪੰਜ ਹਜ਼ਾਰ ਲੋਕਾਂ ਨੂੰ ਮਾਰਨ ਵਾਸਤੇ ਬਗਦਾਦ ਨੂੰ ਜਾ ਰਹੀ ਹਾਂ। ਕੁਝ ਕੁ ਦਿਨਾਂ ਪਿੱਛੋਂ ਜਦ ਤਾਊਨ ਮੁੜਕੇ ਆ ਰਹੀ ਸੀ ਤਾਂ ਓਹੀ ਯਾਤ੍ਰੀ ਉਸਨੂੰ ਫੇਰ ਮਿਲਿਆ, ਯਾਤ੍ਰੀ ਨੇ ਕਿਹਾ ਤੂੰ ਤਾਂ ਮੈਨੂੰ ਆਖਿਆ ਸੀ ਕਿ ਮੈਂ ਬਗ-ਦਾਦ ਦੇ ਪੰਜ ਹਜ਼ਾਰ ਲੋਕਾਂ ਨੂੰ ਮਾਰਨ ਵਾਸਤੇ ਚੱਲੀ ਹਾਂ, ਹੁਣ ਤਾਂ ਤੂੰ ਪੰਜਾਂ ਦੇ ਪੰਜਾਹ ਹਜ਼ਾਰ ਮਾਰ ਦਿੱਤੇ ਹਨ। ਤਾਊਨ ਨੇ ਆਖਿਆ ਨਹੀਂ ਨਹੀਂ, ਪੰਜਾਹ ਹਜ਼ਾਰ

ਨਹੀਂ ਮੈਂ ਤਾਂ ਕੇਵਲ ਪੰਜ ਹਜ਼ਾਰ ਮਨੁਖਾਂ ਨੂੰ ਹੀ ਮਾਰਿਆ ਹੈ, ਜਿਹਾ ਕਿ ਮੈਂ ਤੁਹਾਨੂੰ ਆਖਿਆ ਸੀ, ਬਾਕੀ ਸਾਰੇ ਲੋਕ ਆਪਣੇ ਡਰ ਨਾਲ ਮਰੇ ਹਨ। "ਡਰਿ ਡਰਿ ਮਰੇ ਸਾਕਤ ਵੇਚਾਰਿ" ਡਰ ਦੇ ਮਾਰਿਆਂ ਸਰੀਰ ਦੇ ਸਾਰੇ ਪੱਠੇ ਅਤੇ ਰਗਾਂ ਆਦਿਕ ਮਾਰੇ ਜਾਂਦੇ ਹਨ, ਡਰ ਦੇ ਮਾਰਿਆਂ ਲਹੂ ਵੈਂਹਦਾ ਵੈਂਹਦਾ ਬੰਦ ਹੋ ਜਾਂਦਾ ਹੈ ਅਤੇ ਏਸੇ ਤਰਾਂ ਨਾਲ ਜੀਵਨ ਦੀਆਂ ਸਾਰੀਆਂ ਤਾਕਤਾਂ ਨਿਯਮ ਅਨੁਸਾਰ ਠੀਕ ਠੀਕ ਕੰਮ ਕਰਨ ਤੋਂ ਰਹ ਜਾਂਦੀਆਂ ਹਨ, ਡਰ ਤੋਂ ਸਰੀਰ ਕਰੜਾ ਤੇ ਹਿੱਲਨੋਂ ਜੁਲਨੋਂ, ਰਹਿਤ ਅਰ ਮਿੱਟੀ ਦੀ ਪੰਡ ਜਿਹਾ ਹੋ ਜਾਂਦਾ ਹੈ।

ਨਾਂ ਕੇਵਲ ਜਿਨ੍ਹਾਂ ਚੀਜ਼ਾਂ ਤੋਂ ਅਸੀ ਡਰਦੇ ਹਾਂ ਓਹੀ ਸਾਡੇ ਵਲ ਖਿੱਚੀਆਂ ਆਉਂਦੀਆਂ ਹਨ, ਸਗੋਂ ਓਹਨਾਂ ਲੋਕਾਂ ਨੂੰ ਭੀ ਓਹਨਾਂ ਹਾਲਤਾਂ ਦੇ ਖਿੱਚਨ ਵਿਚ ਸਹੈਤਾ ਦਿੰਦੇ ਹਾਂ, ਜਿਨ੍ਹਾਂ ਨੂੰ ਕਿ ਡਰ ਵੇਲੇ ਅਸੀ ਆਪਣੇ ਅੰਦਰ ਦ੍ਰਿੜ੍ਹ ਕੀਤਾ ਹੁੰਦਾ ਹੈ। ਜਿੰਨਾ ਸਾਡਾ ਆਪਣਾ ਖਿਆਲ ਪੱਕਾ ਹੋਵੇਗਾ ਅਤੇ ਜਿੰਨਾ ਓਹਨਾਂ ਲੋਕਾਂ ਤੇ ਸਾਡੇ ਖਿਆਲ ਦੀ ਮਿਲੌਨੀ ਤੇ ਅਸਰ ਹੋਵੇਗਾ, ਓਨਾਂ ਹੀ ਅਸੀ ਅਤੇ ਇਹ ਲੋਕ ਓਹਨਾਂ ਹਾਲਤਾਂ ਨੂੰ ਆਪਣੀ ਵੱਲ ਖਿੱਚ ਲਵਾਂਗੇ (ਅਤੇ ਇਹ ਖਿੱਚ ਬਰਾਬਰ ਜਾਰੀ ਰਹੇਗੀ) ਭਾਵੇਂ ਅਸੀ ਅਤੇ ਓਹ ਲੋਕ ਦੋਨੋਂ ਹੀ ਏਸ ਅਮਲ ਤੋਂ ਜਾਣੂੰ ਨਾਂ ਭੀ ਹੋਈਏ।

ਬੱਚਾ ਖਾਸ ਕਰਕੇ ਜਦੋਂ ਓਹ ਬਹੁਤ ਛੋਟਾ ਹੁੰਦਾ ਹੈ, ਆਮ ਤੌਰ ਤੇ ਵੱਡਿਆਂ ਲੋਕਾਂ ਨਾਲੋਂ ਆਲੇ ਦੁਆਲੇ ਦੀਆਂ ਗੱਲਾਂ ਦਾ ਬਹੁਤ ਕੁਝ ਅਸਰ ਕਬੂਲ ਕਰਨ

ਵਾਲਾ ਹੁੰਦਾ ਹੈ। ਬਾਜ਼ੇ ਤਾਂ ਅਕਸੀ ਤਸਵੀਰ ਦੀ ਤਖਤੀ ਦੀ ਨਿਆਈਂ ਛੇਤੀ ਓਹਨਾਂ ਗੱਲਾਂ ਦਾ ਅਸਰ ਮੰਨਣ ਵਾਲੇ ਅਤੇ ਅਨਭਵ ਕਰਨ ਵਾਲੇ ਹੁੰਦੇ ਹਨ, ਓਹਨਾਂ ਤੇ ਆਸ ਪਾਸ ਦੀਆਂ ਚੀਜ਼ਾਂ ਦਾ ਚਿੱਤ੍ਰ ਬਹੁਤ ਛੇਤੀ ਪੈਂਦਾ ਹੈ ਅਤੇ ਜਿਉਂ ਜਿਉਂ ਓਹ ਉਮਰ ਦੇ ਵੱਡੇ ਹੁੰਦੇ ਹਨ, ਤਿਉਂ ਤਿਉਂ ਇਹ ਚਿੱਤ੍ਰ ਡੂੰਘਾ ਹੁੰਦਾ ਜਾਂਦਾ ਹੈ। ਤਾਂਤੇ ਜਿਨ੍ਹਾਂ ਪੁਰਸ਼ਾਂ ਦੀ ਨਿਗਰਾਨੀ ਵਿਚ ਇਹ ਬੱਚੇ ਹਨ, ਓਹਨਾਂ ਪੁਰਸ਼ਾਂ ਨੂੰ ਆਪਣੀਆਂ ਆਤਮਕ ਹਾਲਤਾਂ ਦੇ ਠੀਕ ਕਰਨ ਵਾਸਤੇ ਤਿਆਰ ਬਰਤਿਆਰ ਹੋਣਾ ਲੋੜੀਦਾ ਹੈ, ਅਤੇ ਖਾਸ ਕਰਕੇ ਮਾਤਾ ਨੂੰ ਗਰਭ ਦੀ ਦਸ਼ਾ ਵਿਖੇ ਬਹੁਤ ਹੁਸ਼ਿਆਰ ਹੋਣਾ ਚਾਹੀਦਾ ਹੈ, ਜਦੋਂ ਕਿ ਬੱਚਾ ਉਸਦੇ ਉਦਰ ਵਿਚ ਹੁੰਦਾ ਹੈ, ਕਿਉਂਕਿ ਇਸਵੇਲੇ ਹਰ ਇਕ ਖਿਆਲ ਅਤੇ ਹਰ ਇਕ ਆਤਮਕ ਅਥਵਾ ਸੰਸਾਰੀ ਹਾਲਤ ਪੇਟ ਵਿਚਲੇ ਬੱਚੇ ਦੀ ਜ਼ਿੰਦਗੀ ਤੇ ਬਹੁਤ ਕੁਝ ਪ੍ਰਗਟ ਅਸਰ ਰੱਖਦੀ ਹੈ। ਮਾਪਿਆਂ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਓਹ ਬਾਲਕ ਵਿਖੇ ਚਾਹੇ ਛੋਟਾ ਹੋਵੇ ਚਾਹੇ ਵੱਡੀ ਉਮਰ ਦਾ ਹੋਵੇ, ਅਯੋਗ ਡਰ ਪੈਦਾ ਨਾਂ ਕਰਨ। ਬਿਨਾਂ ਜਾਣੇਂ ਬੁੱਝੇ ਬਹੁਤ ਵਾਰ ਮਾਪੇ ਫਿਕਰ ਦੇ ਮਾਰੇ ਅਜਿਹਾ ਕਰ ਬੈਠਦੇ ਹਨ, ਜਾਂ ਬਾਜ਼ੇ ਵੇਲੇ ਹੱਦ ਤੋਂ ਵਧਕੇ ਜ਼ਿਆਦਾ ਧਿਆਨ ਕਰਨ ਤੋਂ। ਪਰ ਧਿਆਨ ਰੱਖਨ ਦੀ ਅਧਕਤਾ ਅਜਿਹੀ ਬੁਰੀ ਹੈ ਜਿਹੀ ਕਿ ਧਿਆਨ ਦਾ ਘਾਟਾ।

ਮੈਨੂੰ ਕਈ ਇਕ ਅਜੇਹੀਆਂ ਮਿਸਾਲਾਂ ਮਲੂਮ ਹਨ ਕਿ ਬਾਲਕ ਉੱਤੇ ਡੂੰਘੀ ਇਸ ਖਿਆਲ ਤੋਂ ਏਨਾਂ

ਡਰਾਇਆ ਗਿਆ ਕਿ ਅਮਕੀ ਦਸ਼ਾ ਉਸ ਉੱਤੇ ਪ੍ਰਬਲ ਨਾਂ ਹੋਣੇ ਪਾਵੇ, ਜੋ ਕਿ ਜਿਨ੍ਹਾਂ ਗੱਲਾਂ ਦਾ ਡਰ ਸੀ ਓਹ ਉਸਦੇ ਅੰਦਰ ਆ ਗਈਆਂ, ਪਰ ਜੇ ਉਸ ਬਾਲਕ ਨੂੰ ਏਨਾਂ ਨਾਂ ਡਰਾਇਆ ਜਾਂਦਾ ਤਾਂ ਵਸ਼ੇਸ਼ ਕਰਕੇ ਓਹ ਗੱਲਾਂ ਮੂਲੋਂ ਹੀ ਉਸ ਉੱਤੇ ਪ੍ਰਬਲ ਨਾਂ ਹੁੰਦੀਆਂ। ਬਹੁਤ ਵਾਰੀ ਤਾਂ ਡਰ ਦਾ ਕੋਈ ਪੂਰਨ ਕਾਰਨ ਹੀ ਨਹੀਂ ਹੁੰਦਾ ਅਤੇ ਜਿਸ ਹਾਲਤ ਵਿਚ ਕੋਈ ਕਾਰਨ ਹੈ ਤਾਂ ਉਸ ਹਾਲਤ ਵਿਖੇ ਇਹ ਭਲਾ ਹੋਵੇਗਾ ਕਿ ਉਸਦੇ ਉਲਟ ਹਾਲਤ ਖਿਆਲ ਕੀਤੀ ਜਾਵੇ, ਤਾਕਿ ਜੋ ਸ਼ਕਤੀ ਆਪਣਾ ਕੰਮ ਕਰ ਰਹੀ ਹੈ ਓਹ ਅਭਾਵ ਹੋਕੇ ਉਸਦਾ ਅਸਰ ਜਾਂਦਾ ਰਹੇ ਅਤੇ ਫੇਰ ਬੱਚੇ ਨੂੰ ਸਿਆਣਪ ਅਤੇ ਤਾਕਤ ਦਾ ਖਿਆਲ ਦੁਆਇਆ ਜਾਵੇ, ਤਾਕਿ ਬੱਚਾ ਉਸ ਹਾਲਤ ਦਾ ਮੁਕਾਬਲਾ ਕਰ ਸਕੇ ਅਤੇ ਉਸਨੂੰ ਆਪਣੇ ਅਧੀਨ ਕਰ ਲਵੇ, ਪਰ ਆਪ ਉਸਦੇ ਅਧੀਨ ਨਾਂ ਹੋ ਜਾਵੇ।

ਇਕ ਦੋ ਦਿਨਾਂ ਦੀ ਗੱਲ ਹੈ ਕਿ ਇਕ ਮਿੱਤ੍ਰ ਮੈਨੂੰ ਇਸ ਬਾਰੇ ਵਿਚ ਆਪਣੇ ਜੀਵਨ ਦੀ ਪ੍ਰੀਖਿਆ ਦਾ ਹਾਲ ਦੱਸ ਰਿਹਾ ਸੀ, ਅਜੇਹੇ ਸਮੇਂ ਵਿਚ ਜਦੋਂ ਕਿ ਓਹ ਇਕ ਖਾਸ ਵਾਦੀ ਦਾ ਬਹੁਤ ਕਰੜਾ ਟਾਕਰਾ ਕਰ ਰਿਹਾ ਸੀ, ਉਸਦੀ ਮਾਤਾ ਅਤੇ ਓਹ ਨੌਜਵਾਨ ਇਸਤ੍ਰੀ ਜਿਸ ਨਾਲ ਉਸਦਾ ਵਿਆਹ ਹੋਨ ਵਾਲਾ ਸੀ, ਪਰ ਉਸ ਵਯਾਹ ਵਾਸਤੇ ਇਕ ਖਾਸ ਮਿਆਦ ਮੁਕੱਰਰ ਸੀ ਅਤੇ ਇਹ ਸ਼ਰਤ ਸੀ ਕਿ ਏਨੇਂ ਚਿਰ ਵਿਚ ਓਹ ਪੁਰਸ਼ ਆਪਣੀ ਵਾਦੀ ਨੂੰ ਆਪਣੇ ਅਧੀਨ ਕਰ ਲਵੇ, ਏਹਨਾਂ ਦੁਹਾਂ ਨੇ

ਉਸਨੂੰ ਏਨਾਂ ਡਰਾਇਆ ਕਿ ਓਹ ਓਹਨਾਂ ਦੇ ਭੈ ਦੁਆਨ ਵਾਲੇ ਖਿਆਲਾਂ ਦੇ ਵੱਸ ਵਿਚ ਹੋ ਗਿਆ, ਅਤੇ ਨਿਰਬਲ ਅਤੇ ਅਧੀਰ ਹੋ ਜਾਣ ਕਰਕੇ ਆਪਣੀ ਵਾਦੀ ਨੂੰ ਅਧੀਨ ਨਾਂ ਕਰ ਸਕਿਆ। ਓਹ ਸਦੀਵ ਓਹਨਾਂ ਦੇ ਡਰਾਣਵਾਲੇ ਖਿਆਲਾਂ ਨੂੰ ਹੀ ਸੋਚਦਾ ਰਹਿੰਦਾ ਸੀ ਅਤੇ ਓਹ ਸਦੀਵ ਸ਼ੱਕ ਸ਼ੁਬ੍ਹੇ ਵਿਚ ਪਿਆ ਹੋਇਆ ਸੀ, ਓਹ ਆਪਣੀ ਮਾਤਾ ਅਤੇ ਉਸ ਯੁਵੰਕਾ ਇਸਤ੍ਰੀ ਦੇ ਪ੍ਰਸ਼ਨਾਂ ਦਾ ਉੱਤਰ ਪੂਰੀ ਤਰਾਂ ਨਾਲ ਨਹੀਂ ਦੇ ਸਕਦਾ ਸੀ, ਏਸ ਵਾਸਤੇ ਓਹਨਾਂ ਨੇ ਉਸਦੇ ਦਿਲ ਵਿਚ ਜੋ ਸ਼ੱਕ ਅਤੇ ਭੈ ਪੈਦਾ ਕਰ ਦਿੱਤਾ ਸੀ ਉਸਤੋਂ ਉਸਦੀ ਹਿੰਮਤ ਟੁਟ ਗਈ ਅਤੇ ਓਹ ਕੁਝ ਭੀ ਯਤਨ ਨਾਂ ਕਰ ਸਕਿਆ, ਏਸ ਵਾਸਤੇ ਉਸਦੀ ਮਾਤਾ ਅਤੇ ਉਸ ਨੌਜੁਆਨ ਇਸਤ੍ਰੀ ਨੇ ਉਸ ਪੁਰਸ਼ ਦੇ ਚਿਤ ਅੰਦਰ ਦਲੇਰੀ ਅਤੇ ਢਾਰਸ ਦੀ ਥਾਂ ਉਸਨੂੰ ਹੋਰ ਭੀ ਅਧੀਰ ਕਰ ਦਿੱਤਾ ਅਤੇ ਉਸਦੇ ਚਿੱਤ ਅੰਦਰ ਇਹ ਨਿਸਚੇ ਕਰਾ ਦਿੱਤਾ ਕਿ ਉਸਦਾ ਉੱਦਮ ਕਰਨਾ ਨਿਰਾ ਪੁਰਾ ਬੇਅਰਥ ਹੈ।

ਵੇਖੋ! ਏਥੇ ਦੋ ਪੁਰਸ਼ ਸਨ ਜੋ ਉਸ ਨਾਲ ਬਹੁਤ ਪਿਆਰ ਕਰਦੇ ਸਨ ਅਤੇ ਜੋ ਉਸਨੂੰ ਆਪਣੀ ਵਾਦੀ ਦੇ ਅਧੀਨ ਕਰਨ ਵਾਸਤੇ ਸਭ ਕੁਝ ਕਰ ਸਕਦੇ ਸਨ, ਪਰ ਇਹ ਦੋਵੇਂ ਇਸਤ੍ਰੀਆਂ ਖਿਆਲ ਦੀਆਂ ਸ਼ਕਤੀਆਂ ਦੀ ਹੌਲੀ ਹੌਲੀ ਅਸਰ ਕਰਨ ਵਾਲੀ ਸੂਖਮ ਤੇ ਸਦੀਵ ਸਾਵਧਾਨ ਰਹਿਨ ਵਾਲੀ ਅਤੇ ਸਰਬ ਸਿਖਜਾ ਪ੍ਰਦਾਤੀ ਖਿਆਲ ਦੀ ਤਾਕਤ ਤੋਂ ਅਨਜਾਨ ਸਨ, ਏਸ ਵਾਸਤੇ ਉਸਨੂੰ ਹੌਂਸਲਾ ਦੇਣ ਅਤੇ ਉਸਦੀ ਹਿੰਮਤ ਵਧਾਣ ਦੀ

ਥਾਂ ਓਹਨਾਂ ਨੇ ਉਸਨੂੰ ਨਿਹੱਥਾ ਕਰਕੇ ਉੱਕਾ ਹੀ ਅਧੀਰ ਅਤੇ ਨਿਰਬਲ ਕਰ ਦਿੱਤਾ। ਕੁਝ ਤਾਂ ਓਹ ਅੱਗੇ ਹੀ ਕਾਇਰ ਸੀ, ਕੁਝ ਓਹਨਾਂ ਨੇ ਉਸਨੂੰ ਡਰਾਕੇ ਹੋਰ ਭੀ ਡਰੂ ਭਗਤ ਬਨਾ ਦਿੱਤਾ, ਏਸ ਵਾਸਤੇ ਓਸਦੇ ਵਾਸਤੇ ਇਹ ਲੜਾਈ ਤੀਊਣੀ ਕਠਨ ਹੋ ਗਈ।

ਡਰ ਅਤੇ ਪ੍ਰੇਸ਼ਾਨੀ ਤੇ ਏਸੇ ਤਰਾਂ ਦੀਆਂ ਹੋਰ ਸਾਰੀਆਂ ਮਾਨਸਕ ਹਾਲਤਾਂ ਵਿਚ" ਪ੍ਰਵਿਰਤ ਹੋਣਾ ਜਾਂ ਘਰਚੇ ਰਹਿਣਾ ਸਭ ਲਈ ਹੀ ਭਾਰੂ ਹੈ, ਭਾਵੇਂ ਕੋਈ ਪੁਰਸ਼ ਹੋਵੇ, ਚਾਹੇ ਮਰਦ ਔਰਤ ਤੇ ਚਾਹੇ ਬੱਚਾ। ਡਰ ਨਾਲ ਸਰੀਰ ਦੇ ਅੰਦਰ ਲਹੂ ਪੂਰੀ ਪੂਰੀ ਤਰਾਂ ਨਾਲ ਚਲ ਫਿਰ ਨਹੀਂ ਸਕਦਾ ਅਤੇ ਅਰੋਗਤਾ ਵਿਖੇ ਫਰਕ ਆ ਜਾਂਦਾ ਹੈ। ਪ੍ਰੇਸ਼ਾਨੀ ਕਰਕੇ ਸਰੀਰ ਨੂੰ ਅੰਦਰ ਹੀ ਅੰਦਰ ਘੁਣ ਲੱਗ ਜਾਂਦਾ ਹੈ ਅਤੇ ਉਸਨੂੰ ਕਮਜ਼ੋਰ ਕਰ ਕਰਕੇ ਅੰਤ ਨੂੰ ਉਸਦੇ ਟੁਕੜੇ ਕਰ ਦੇਂਦੀ ਹੈ, ਉਸਤੋਂ ਕੁਝ ਭੀ ਪ੍ਰਾਪਤ ਨਹੀਂ ਹੁੰਦਾ, ਸਗੋਂ ਹਾਨੀ ਹੀ ਹਾਨੀ ਹੈ। ਜੇ ਕਿਸੇ ਨੁਕਸਾਨ ਦਾ ਚਿਰ ਕਾਲ ਤਾਈਂ ਗ਼ਮ (ਫਿਕਰ) ਕੀਤਾ ਜਾਵੇ, ਤਦ ਭੀ "ਇਹੀ ਹਾਲਤ ਹੋਵੇਗੀ, ਫੇਰ ਹਰ ਇਕ ਮਾਨਸਕ ਹਾਲਤ ਆਪਣੇ ਨਾਲ ਖ਼ਾਸ ਖ਼ਾਸ ਰੋਗ ਪੈਦਾ ਕਰਦੀ ਹੈ। ਯਥਾ ਦੌਲਤ ਦੀ ਪ੍ਰਾਪਤੀ ਵਾਸਤੇ ਬੇਹੱਦ ਇੱਛਾ ਕਰਨੀ, ਕੰਜੂਸ ਹੋਣਾ, ਰੁਪਏ ਕੱਠੇ ਕਰਨ ਦਾ ਸੁਭਾਵ, ਹਰ ਇਕ ਤੋਂ ਇਸੇ ਪ੍ਰਕਾਰ ਦੇ ਫਲ (ਭਾਵ) ਪ੍ਰਗਟ ਹੋਣਗੇ, ਗੁੱਸਾ, ਈਰਖਾ, ਸਾੜ, ਹਰ ਵੇਲੇ ਐਬ ਢੂੰਡਣ ਦੀ ਵਾਦੀ, ਕਾਮ ਇੱਛਾ ਹਰ ਇਕ ਤੋਂ ਅਜਿਹੇ ਖ਼ਾਸ ਖ਼ਾਸ ਭਾਵ ਪ੍ਰਗਟ ਹੁੰਦੇ ਹਨ,

ਜਿਨ੍ਹਾਂ ਤੋਂ ਸਰੀਰ ਅੰਦਰ ਹੀ ਅੰਦਰ ਖਾਧਾ ਜਾਂਦਾ ਹੈ ਤੇ ਕਮਜ਼ੋਰ ਹੁੰਦਾ ਹੁੰਦਾ ਛੇਕੜ ਨੂੰ ਟੁਕੜੇ ਟੁਕੜੇ ਹੋ ਜਾਂਦਾ ਹੈ।

ਅਸੀ ਮਲੂਮ ਕਰਾਂਗੇ ਕਿ ਸਚਾਈ ਤੇ ਚੱਲਨ ਅਰਥਾਤ ਉੱਚ ਤੋਂ ਉੱਚ ਨਿਯਮਾਂ ਦੇ ਅੱਡ ਸਾਰ (ਭਲਾ) ਜੀਵਨ ਬਤੀਤ ਕਰਨ ਤੋਂ ਨਾਂ ਕੇਵਲ ਖੁਸ਼ੀ ਮਿਲਦੀ ਅਤੇ ਵਧੀ ਫੁੱਲੀਦਾ ਹੀ ਹੈ, ਸਗੋਂ ਸਰੀਰਕ ਅਰੋਗਤਾ ਭੀ ਪ੍ਰਾਪਤ ਹੁੰਦੀ ਹੈ। ਇਬਰਾਨੀ ਕੌਮ ਦੇ ਇਕ ਪ੍ਰਸਿੱਧ ਪੈਗੰਬਰ ਨੇ ਜੀਵਨ ਦੀ ਬਾਬਤ ਇਹ ਲਿਖਿਆ ਹੈ, ਜਿਸ ਕਥਨ ਨੂੰ ਅਸੀ ਜੀਵਨ ਵਾਸਤੇ ਅਚਰਜ ਅਕਸੀਰ ਕਹੀਏ ਤਾਂ ਯੋਗ ਹੈ: "ਜਿਸਤਰਾਂ ਕਿ ਸਚਾਈ ਤੇ ਚੱਲਨ ਤੋਂ ਜੀਵਨ ਮਿਲਦਾ ਹੈ, ਉਜੇਹਾ ਹੀ ਬੁਰਿਆਈ ਅਨੁਸਾਰ ਵਰਤਨਾ ਦੱਖ ਤੇ ਮੌਤ ਲਿਆਉਂਦਾ ਹੈ।ਇਸਦੇ ਦੂਜੇ ਦਾਈ "ਸਚਾਈ ਦੇ ਰਸਤੇ ਵਿਖੇ ਸਲਾਮਤੀ (ਜੀਵਨ) ਹੈ ਤੇ ਇਸਦੇ ਮਾਰਗ ਵਿਖੇ ਮ੍ਰਿਤੂ ਨਹੀਂ ਹੈ।" ਇਕ ਸਮਾਂ ਅਜੇਹਾ ਆਇਗਾ ਜਦੋਂ ਇਹ ਪਤਾ ਲੱਗ ਜਾਇਗਾ ਕਿ ਇਸਦਾ ਭਾਵ ਉਸਤੋਂ ਵਧਕੇ ਹੈ ਕਿ ਬਹੁਤ ਸਾਰ ਲੋਕ ਹੁਣ ਤਾਈਂ ਸੋਚਨ ਦੀ ਹੀ ਦਲੇਰੀ ਕਰਦੇ ਹਨ। "ਇਹ ਆਖਣਾ ਮਨੁਸ਼ ਦੇ ਆਪਣੇ ਵੱਸ ਵਿਚ ਹੈ ਕਿ ਕੀ ਓਹ ਆਤਮਾਂ ਇਕ ਚੜ੍ਹਦੇ ਸੋਹਣੇ ਸੁੰਦ੍ਰ ਆਲੀਸ਼ਾਨ ਮਹੱਲ ਵਿਚ ਰਹੇਗੀ, ਜਾਂ ਓਸੇ ਦੇ ਬਨਾਏ ਹੋਏ ਝੌਂਪੜੇ ਵਿਚ ਜੋ ਕਿ ਅੰਤ ਨੂੰ ਨਸ਼ਟ ਅਤੇ ਬਰਬਾਦ ਹੋ ਜਾਇਗਾ।" ਅਨਗਿਣਤ ਲੋਕਾਂ ਦੇ ਸਰੀਰ ਜੋ ਅਧੂਰਾ ਅਤੇ ਨਾਂ ਫਬਦਾ ਜੀਵਨ ਬਤੀਤ ਕਰਦੇ ਹੋਏ ਏਹਨਾਂ

ਅਸਰਾਂ ਕਰਕੇ ਆਪਣੇ ਸਮੇਂ ਤੋਂ ਬਹੁਤ ਚਿਰ ਪੈਹਲਾਂ ਹਰ ਸਾਲ ਕਮਜ਼ੋਰ ਅਤੇ ਨਾਸ ਹੁੰਦੇ ਜਾਂਦੇ ਹਨ। ਸ਼ੋਕ! ਬੇਚਾਰੇ ਘਰੋ ਅਰਥਾਤ ਸਰੀਰੋ! ਤੁਸਾਨੂੰ ਬੜੇ ਸੁੰਦ੍ਰ ਮੰਦਰ ਬਣਾਨ ਦੀ ਅਭਿਲਾਖਾ ਦੇ ਹੁੰਦਿਆਂ ਸੁੰਦਿਆਂ ਭੀ ਤੁਸੀ ਮੂਰਖ, ਬੇਪ੍ਰਵਾਹ ਅਤੇ ਧੋਖੇ ਵਿਚ ਪਏ ਹੋਏ ਆਪਣੇ ਕਿਰਾਏ ਦਾਰਾਂ ਦ੍ਵਾਰੇ ਵੈਰਾਨ ਕੀਤੇ ਗਏ ਹੋ। ਅਫਸੋਸ ਹੈ ਏਹਨਾਂ ਬੇਚਾਰੇ ਘਰਾਂ ਅਰਥਾਤ ਸਰੀਰਾਂ ਤੇ!!

ਜੋ ਪੁਰਸ਼ ਗੂੜ੍ਹ ਵਿਚਾਰਵਾਨ ਹੈ ਅਰ ਜੋ ਖਯਾਲ ਦੀਆਂ ਸ਼ਕਤੀਆਂ ਦੇ ਬਲ ਦਾ ਧਿਆਨ ਨਾਲ ਵਿਚਾਰ ਕਰਨ ਵਾਲਾ ਹੈ, ਓਹ ਪੁਰਸ਼ ਅਵਾਜ਼ ਤੋਂ, ਤੁਰਨ ਫਿਰਨ ਤੋਂ ਅਰ ਚਿਹਨ ਚੱਕ੍ਰਾਂ ਤੋਂ ਓਹ ਨਤੀਜੇ ਮਲੂਮ ਕਰ ਲਵੇਗਾ ਜੋ ਉਸਦੇ ਮਨ ਦੀਆਂ ਵਰਤਮਾਨ ਸੂਰਤਾਂ ਅਤੇ ਹਾਲਤਾਂ ਤੋਂ ਪ੍ਰਗਟ ਹੋਏ ਹਨ, ਅਤੇ ਜੇ ਉਸ ਪੁਰਸ਼ ਨਾਲ ਮਨ ਦੀਆਂ ਵਰਤਮਾਨ ਹਾਲਤਾਂ ਅਤੇ ਸੂਰਤਾਂ ਦਾ ਵਰਨਨ ਕੀਤਾ ਜਾਏ ਤਾਂ ਓਹ ਬਾਣੀ, ਹਰਕਤ ਅਤੇ ਚਿਹਨ ਚੱਕ੍ਰਾਂ ਨੂੰ ਨਿਰਨੇ ਵਾਰ ਦਸ ਸਕਦਾ ਹੈ ਅਤੇ ਨਾਲ ਹੀ ਆਮ ਤੌਰ ਤੇ ਓਹ ਖਾਸ ਸਰੀਰਕ ਦੁਖ ਭੀ ਵਰਨਨ ਕਰ ਦੇਵੇਗਾ, ਜਿਨ੍ਹਾਂ ਪੁਸ਼ਤ ਵਾਰ ਦੁੱਖਾਂ ਵਿਚ ਓਹ ਰੋਗੀ ਫਸਿਆ ਹੋਇਆ ਹੈ।

ਅਸਾਂ ਇਕ ਭਲੇ ਇਤਬਾਰੀ ਪੁਰਸ਼ ਕੋਲੋਂ ਸੁਣਿਆਂ ਹੈ ਕਿ ਭਿੰਨ ਭਿੰਨ ਜਾਨਵਰਾਂ ਦੇ ਸਰੀਰਾਂ ਦੇ ਪੱਕੇ ਹੋਣ ਵਿਚ ਜੋ ਸਮਾਂ ਲਗਦਾ ਹੈ ਅਤੇ ਜਿੰਨੇ ਚਿਰ ਤਾਈਂ ਓਹ ਜੀਉਂਦੇ ਹਨ ਉਸਦੇ ਮੁਕਾਬਲੇ ਵਿਚ ਜੇ ਮਨੁਸ਼ ਦਾ ਸਰੀਰ ਉਸਦੀ ਬਨਾਵਟ ਅਤੇ ਉਸਦੇ

ਜੁਆਨ ਹੋਨ ਤਕ ਵਿਚਾਰ ਕੀਤੀ ਜਾਵੇ, ਤਾਂ ਪਤਾ ਲੱਗ ਜਾਇਗਾ ਕਿ ਅੱਜ ਕੱਲ ਜੋ ਉਮਰ ਮਨੁਸ਼ ਦੀ ਹੈ ਉਸ ਵਲੋਂ ਮਨੁਸ਼ ਦੀ ਕੁਦਰਤੀ ਉਮਰ ੧੨੦ ਸਾਲ ਦੀ ਹੋਣੀ ਚਾਹੀਦੀ ਹੈ, ਪਰ ਬਹੁਤ ਸਾਰੇ ਪੁਰਸ਼ ਜੋ ਸਾਡੇ ਆਲੇ ਦੁਆਲੇ ਮੌਜੂਦ ਹਨ। ਓਹਨਾਂ ਤੇ ਵਿਚਾਰ ਕਰੋ ਕਿ ਓਹਨਾਂ ਦੇ ਸਰੀਰ ਛੇਤੀ ਬੁੱਢੇ ਅਤੇ ਕਮਜ਼ੋਰ ਹੁੰਦੇ ਜਾਂਦੇ ਹਨ ਅਤੇ ਟੁਟਦੇ ਜਾਂਦੇ ਹਨ, ਏਥੋਂ ਤਾਈਂ ਕਿ ਓਹ ਆਪਣੀ ਪੱਕੀ ਤੇ ਬਹਾਦਰ ਹੋਣ ਵਾਲੀ ਉਮਰ ਦੇ ਵਿਚਕਾਰ ਭੀ ਨਹੀਂ ਪਹੁੰਚਦੇ ਅਤੇ ਮਰ ਜਾਂਦੇ ਹਨ।

ਜੀਵਨ ਦੀ ਮਿਆਦ ਇਸਤਰਾਂ ਘਟ ਹੋ ਗਈ ਹੈ, ਇਸ ਵਾਸਤੇ ਸਾਰੇ ਲੋਕਾਂ ਨੂੰ ਇਹ ਨਿਸਚੇ ਹੋ ਗਿਆ ਹੈ ਕਿ ਕੁਦਰਤੀ ਉਮਰ ਏਨੀਂ ਹੀ ਥੋਹੜੀ ਹੈ ਅਤੇ ਉਸਦਾ ਨਤੀਜਾ ਇਹ ਹੋਇਆ ਕਿ ਬਹੁਤ ਸਾਰੇ ਲੋਕ ਜਦੋਂ ਇਕ ਖਾਸ ਉਮਰ ਤਕ ਪੁਜ ਜਾਂਦੇ ਹਨ, ਤਾਂ ਇਹ ਵੇਖਕੇ ਕਿ ਲੋਕਾਂ ਤੇ ਏਸ ਅਵਸਥਾ ਤੇ ਬੁਢਾਪਾ ਆ ਜਾਂਦਾ ਹੈ ਅਤੇ ਓਹ ਥੱਕੇ ਟੁੱਟੇ ਹੋ ਜਾਂਦੇ ਹਨ, ਅਤੇ ਇਸ ਗੱਲ ਨੂੰ ਉੱਕਾ ਹੀ ਸੱਚ ਸਮਝ ਲੈਂਦੇ ਹਨ ਅਤੇ ਇਹ ਖਿਆਲ ਕਰਨ ਲੱਗਦੇ ਹਨ ਕਿ ਸਾਡੀ ਭੀ ਜ਼ਰੂਰ ਇਹੀ ਹਾਲਤ ਹੋਵੇਗੀ, ਜਿਹੀ ਕਿ ਹੋਰਨਾਂ ਦੀ ਹੋਇਆ ਕਰਦੀ ਹੈ ਅਤੇ ਇਸ ਖਿਆਲ ਕਰਕੇ ਵੇਲੇ ਤੋਂ ਪਹਿਲਾਂ ਆਪਣੇ ਆਪ ਤੇ ਬਰਬਾਦੀ ਦੇ ਚਿੰਨ੍ਹ ਵੇਖਦੇ ਹਨ। ਅਸਲ ਵਿਚ ਸਰੀਰ ਦੇ ਬਨਾਨ ਅਤੇ ਨਵੇਂ ਸਿਰੋਂ ਉਸਾਰਨ ਵਿਖੇ ਮਨੁਸ਼ ਦੇ ਮਨ ਜਾਂ ਅੰਤਸ਼ਕਰਣ ਦਾ ਬੜਾ ਸੂਖਮ ਅਤੇ ਪੁਸ਼ਟੀ ਕਾਰਕ ਅਸਰ ਹੁੰਦਾ ਹੈ। ਜਿਨਾ ਅਸੀ ਏਹਨਾਂ

ਅਸਰਾਂ ਨੂੰ ਹੱਛੀ ਤਰਾਂ ਸਮਝਾਂਗੇ ਓਨਾਂ ਹੀ ਲੋਕ ਏਸ ਗੱਲ ਦੀ ਵਾਦੀ ਵਾਲੇ ਹੋ ਜਾਨਗੇ ਕਿ ਓਹ ਖੁਸ਼ੀ ਨਾਲ ਆਸ ਰੱਖਨਗੇ ਕਿ ਅਸੀ ਇਕ ਸੌ ਵੀਹ ਸਾਲ ਦੀ ਉਮਰ ਦੇ ਲਗ ਪਗ ਪੁਜ ਜਾਵਾਂਗੇ।

ਐਸ ਵੇਲੇ ਮੈਨੂੰ ਇਕ ਸੁਯੋਗ ਬੀਬੀ ਯਾਦ ਆਉਂਦੀ ਹੈ ਜਿਸਦੀ ਆਯੂ ਠੀਕ ਅੱਸੀ ਸਾਲ ਦੀ ਹੈ, ਸੱਚ ਮੁਚ ਬਹੁਤ ਸਾਰੇ ਲੋਕ ਤਾਂ ਉਸਨੂੰ ਬੁੱਢੀ ਇਸਤ੍ਰੀ ਆਖਨਗੇ ਅਤੇ ਖਾਸ ਕਰਕੇ ਓਹ ਲੋਕ ਜੋ ਆਯੂ ਨੂੰ ਸਾਲਾਂ ਦੀ ਗਿਣਤੀ ਵਿਚ ਗਿਣਦੇ ਹਨ, ਪਰ ਉਸ ਇਸਤ੍ਰੀ ਨੂੰ ਬੁੱਢੀ ਆਖਣਾ ਅਜਿਹਾ ਹੀ ਹੈ ਜਿਹਾ ਕਿ ਕਾਲੇ ਨੂੰ ਚਿੱਟਾ ਆਖਣਾ। ਇਹ ਇਸਤ੍ਰੀ ੨੫ ਸਾਲ ਦੀ ਲੜਕੀ ਤੋਂ ਵਧਕੇ ਬੁੱਢੀ ਨਹੀਂ ਪ੍ਰਤੀਤ ਹੁੰਦੀ, ਸਗੋਂ ਬਹੁਤ ਸਾਰੀਆਂ ੨੫ ਸਾਲ ਦੀ ਉਮਰ ਵਾਲੀਆਂ ਤੋਂ ਭੀ ਜੁਆਨ ਮਲੂਮ ਹੁੰਦੀ ਹੈ। ਇਹ ਇਸਤ੍ਰੀ ਸਾਰੇ ਲੋਕਾਂ ਅਤੇ ਸਾਰੀਆਂ ਚੀਜ਼ਾਂ ਵਿਚ ਨੇਕੀ ਜਾਂ ਭਲਿਆਈ ਦੀ ਭਾਲ ਵਿਚ ਹੈ, ਏਸ ਵਾਸਤੇ ਉਸਨੇ ਹਰ ਥਾਂ ਨੇਕੀ ਹੀ ਨੇਕੀ ਲਭੀ ਹੈ, ਉਸਦੇ ਸੁਭਾਉ ਅਤੇ ਬਾਣੀ ਦੀ ਹਛਿਆਈ ਜਿਹੀ ਕਿ ਹੁਣ ਹੈ ਅਤੇ ਜਿਸਤੋਂ ਉਸਨੇ ਸਾਰੇ ਲੋਕਾਂ ਦੇ ਦਿਲਾਂ ਨੂੰ ਆਪਣੇ ਉੱਤੇ ਮੋਹਤ ਕਰ ਲਿਆ ਹੈ, ਅਜਿਹਾ ਹੀ ਸੁਭਾਉ ਅਤੇ ਬਾਣੀ ਉਸਦੀ ਸਾਰੀ ਉਮਰ ਰਹੀ ਹੈ। ਇਹਨਾਂ ਸਾਰਿਆਂ ਸਾਲਾਂ ਵਿਚ ਉਸਨੇ ਸੈਂਕੜੇ ਹਜ਼ਾਰਾਂ ਲੋਕਾਂ ਵਿਚ ਹਿੰਮਤ, ਪ੍ਰਸੰਨਤਾ, ਆਸ ਅਤੇ ਢਾਰਸ ਤੇ ਬਲ ਪੈਦਾ ਕਰ ਦਿੱਤਾ ਹੈ ਅਤੇ ਯਕੀਨ ਹੈ ਕਿ ਅਜੇ ਹੋਰ ਬਹੁਤ ਸਾਰੇ ਸਾਲਾਂ ਤਾਈਂ ਅਜਿਹਾ ਹੀ

ਕਰਦੀ ਰਹੇਗੀ।

ਉਸਦੇ ਮਨ ਵਿਚ ਕਿਸੇ ਤਰਾਂ ਦਾ ਭੈ, ਪ੍ਰੇਸ਼ਾਨੀ, ਘ੍ਰਿਣਾ, ਸਾੜ, ਰੰਜ, ਗ਼ਮ, ਨੀਚਤਾ ਅਤੇ ਲਾਲਚ ਨੇ ਨਿਵਾਸ ਨਹੀਂ ਕੀਤਾ, ਉਸਦਾ ਫਲ ਇਹ ਹੋਇਆ ਕਿ ਉਸਦਾ ਮਨ ਓਹਨਾਂ ਬੇਨਿਯਮੀਆਂ ਦਸ਼ਾਂ ਅਤੇ (ਅਜੇ-ਹੀਆਂ ਹੋਰ) ਹਾਲਤਾਂ ਤੋਂ ਬਚਿਆ ਰਿਹਾ ਤੇ ਇਸੇਵਾਸਤੇ ਉਸਦੇ ਸਰੀਰ ਵਿਚ ਓਹ ਰੋਗ ਭੀ ਪ੍ਰਗਟ ਨਹੀਂ ਹੋਏ, ਜੋ ਬਹੁਤ ਸਾਰੇ ਲੋਕਾਂ ਵਿਖੇ ਹੋਇਆ ਕਰਦੇ ਹਨ। ਇਹ ਲੋਕ ਆਪਣੀ ਮੂਰਖਤਾ ਤੋਂ ਇਹ ਖ਼ਿਆਲ ਕਰਦੇ ਹਨ ਕਿ ਇਹ ਰੋਗ ਕੁਦਰਤੀ ਹਨ ਅਤੇ ਸਾਰਿਆਂ ਨੂੰ ਹੋਇਆ ਹੀ ਕਰਦੇ ਹਨ, ਅਰਥਾਤ ਓਹ ਇਹ ਸਮਝਦੇ ਹਨ ਕਿ ਇਹ ਸਭ ਕੁਝ ਸ੍ਰਿਸ਼ਟੀ ਦੇ ਅਟੱਲ ਪ੍ਰਬੰਧ ਦੇ ਅਨੁਸਾਰ ਹੁੰਦਾ ਰਹਿੰਦਾ ਹੈ ਅਤੇ ਏਸੇ ਕਰਕੇ ਰੋਗ ਵਿਖੇ ਫਸਿਆ ਰਹਿਣਾ ਹਰ ਇਕ ਵਾਸਤੇ ਜ਼ਰੂਰੀ ਹੈ। ਉਸ ਇਸਤ੍ਰੀ ਨੇ ਆਪਣੇ ਜੀਵਨ ਵਿਚ ਭਾਂਤ ਭਾਂਤ ਦੇ ਤਜਰਬੇ (ਵਰ-ਤਾਰੇ) ਵੇਖੇ ਹਨ, ਏਥੋਂ ਤਾਈਂ ਕਿ ਇਹ ਸਾਰੀਆਂ ਚੀਜ਼ਾਂ ਉਸਦੇ ਖ਼ਿਆਲ ਵਿਚ ਅਤੇ ਏਸੇ ਵਾਸਤੇ ਉਸਦੇ ਜੀਵਨ ਵਿਚ ਦਾਖ਼ਲ ਹੋ ਜਾਂਦੀਆਂ, ਜੇ ਓਹ ਮੂਰਖਤਾ ਕਰਕੇ ਓਹਨਾਂ ਨੂੰ ਆਪਣੇ ਅੰਦਰ ਪ੍ਰਵਿਰਤ ਹੋਣ ਦੇਂਦੀ। ਉਲਟ ਇਸਦੇ ਉਸਨੇ ਸਿਆਣਪ ਨਾਲ ਇਹ ਗੱਲ ਮਲੂਮ ਕਰ ਲੀਤੀ ਹੈ ਕਿ ਹਰ ਹਾਲਤ ਵਿਚ ਇਕ ਪਾਤ-ਸ਼ਾਹੀ ਤੇ ਤਾਂ ਓਹ ਪੂਰੀ ਪੂਰੀ ਕਾਬਜ਼ ਅਤੇ ਹਾਕਮ ਹੈ ਅਤੇ ਇਹ ਪਾਤਸ਼ਾਹੀ ਉਸਦੇ ਮਨ ਜਾਂ ਆਤਮਾਂ ਦੀ ਪਾਤਸ਼ਾਹੀ ਹੈ ਅਤੇ ਜਿਹਾ ਕਿ ਉਸਦਾ ਹੁਕਮ ਹੁੰਦਾ ਹੈ,

ਉਸਦੇ ਅਨੁਸਾਰ ਬਾਜ਼ੀਆਂ ਚੀਜ਼ਾਂ ਉਸ ਪਾਤਸ਼ਾਹੀ ਵਿਚ ਪ੍ਰਵਿਰਤ ਹੋ ਜਾਂਦੀਆਂ ਹਨ ਅਤੇ ਬਾਜ਼ੀਆਂ ਉੱਕਾ ਹੀ ਨਹੀਂ ਹੁੰਦੀਆਂ। ਇਸਤੋਂ ਛੁੱਟ ਉਸਨੂੰ ਇਹ ਭੀ ਮਲੂਮ ਹੈ ਕਿ ਇਸ ਗੱਲ ਦਾ ਫੈਸਲਾ ਕਰਨ ਤੋਂ ਅਰਥਾਤ ਆਪਣੇ ਮਨ ਵਿਖੇ ਕਿਸੇ ਤਰਾਂ ਦੇ ਖਿਆਲ ਆਉਣ ਦੇਵੇ ਜਾਂ ਕਿਸਤਰਾਂ ਦੇ ਨਾਂ ਆਉਣ ਦੇਵੇ, ਮਾਨੋਂ ਓਹ ਆਪਣੇ ਜੀਵਨ ਦੀਆਂ ਸਾਰੀਆਂ ਹਾਲਤਾਂ ਦਾ ਫੈਸਲਾ ਕਰ ਰਹੀ ਹੈ।ਜਦੋਂ ਅਸੀ ਇਸ ਇਸਤ੍ਰੀ ਨੂੰ ਏਧਰ ਓਧਰ ਟੁਰਦੀ ਫਿਰਦੀ ਨੂੰ ਵੇਖਦੇ ਹਾਂ, ਉਸਦੇ ਉਦਾਰ ਸੁਭਾਉ ਅਤੇ ਉਸਦੇ ਜੁਆਨਾਂ ਵਰਗੇ ਕਦਮਾਂ ਤੇ ਦ੍ਰਿਸ਼ਟੀ ਮਾਰਦੇ ਹਾਂ ਅਤੇ ਉਸਦੇ ਪ੍ਰਸੰਨਤਾ ਭਰੇ ਹਾਸਿਆਂ ਨੂੰ ਸੁਣਦੇ ਹਾਂ, ਤਾਂ ਸਚ ਮੁਚ ਬੜੀ ਖੁਸ਼ੀ ਦਾ ਜੋਸ਼ ਵੱਜਦਾ ਅਤੇ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਅਸਲ ਵਿਚ ਇਹ ਗੱਲ ਸ਼ੇਕਸਪੀਅਰ ਨੂੰ ਭੀ ਸੱਚ ਮੁੱਚ ਮਲੂਮ ਸੀ, ਉਸਦਾ ਕਥਨ ਹੈ :"ਮਨ ਜਾਂ ਅੰਤਸ਼ਕਰਨ ਦੇ ਕਾਰਨ ਹੀ ਸਰੀਰ ਮਾਲਾ ਮਾਲ (ਸੁਸਥ) ਹੁੰਦਾ ਹੈ।"

ਵਰਤਮਾਨ ਕਾਲ ਦੀ ਗੱਲ ਹੈ ਕਿ ਜਦੋਂ ਓਹ ਸੜਕ ਤੇ ਟੈਹਲ ਰਹੀ ਸੀ, ਮੈਂ ਉਸਨੂੰ ਨਿਮਨ ਲਿਖਤ ਕਰਮ ਕਰਦਿਆਂ ਵੇਖਕੇ ਅਤੀ ਪ੍ਰਸੰਨ ਹੋਯਾ:—ਸੜਕ ਦੇ ਕੰਢੇ ਤੇ ਜੇਹੜੇ ਬਾਲਕ ਖੇਡ ਰਹੇ ਸਨ ਓਹ ਉਨ੍ਹਾਂ ਨਾਲ ਗੱਲਾਂ ਕਰਨ ਲਈ ,ਅਤੇ ਓਹਨਾਂ ਦੀਆਂ ਖੇਡਾਂ ਵਿਚ ਸ਼ਾਮਲ ਹੋਨ ਲਈ ਕੁਝਕੁ ਚਿਰ ਠੈਹਰ ਗਈ, ਫੇਰ ਓਸਨੇ ਆਪਣਾ ਜਲਦੀ ਜਲਦੀ ਪੈਰ ਇਸ ਗੱਲ ਲਈ ਕੁਝਕ ਚੁੱਕਿਆ ਕਿ ਧੋਬਨ ਜੋ ਆਪਣੇ ਕੱਪੜਿਆਂ ਦੀ

ਗਠੜੀ ਹੁੱਟੀ ਹੋਈ ਲੈ ਜਾ ਰਹੀ ਸੀ ਉਸ ਨਾਲ ਕੁਝ ਗੱਲ ਕੱਥ ਕਰੇ, ਫੇਰ ਇਕ ਮਜੂਰ ਨਾਲ ਗੱਲਾਂ ਕਰਨ ਵਾਸਤੇ ਠੈਹਰ ਗਈ, ਜੋ ਆਪਣੇ ਕੰਮ ਤੇ ਆਪਣੇ ਭੋਜਨ ਵਾਲਾ ਭਾਂਡਾ ਹੱਥ ਵਿਚ ਲੈਕੇ ਆ ਰਿਹਾ ਸੀ, ਉਪ੍ਰੰਤ ਇਕ ਇਸਤ੍ਰੀ ਜੋ ਗੱਡੀ ਵਿਚ ਜਾ ਰਹੀ ਸੀ ਉਸਦੇ ਸਲਾਮ ਦਾ ਜੁਆਬ ਦੇਨ ਲਗੀ ਅਤੇ ਇਸਤਰਾਂ ਨਾਲ ਜੋ ਲੋਕ ਕੋਲ ਆਉਂਦੇ ਸਨ, ਓਹਨਾਂ ਸਾਰਿਆਂ ਵਿਚ ਆਪਣੇ ਸ਼ੋਭਨੀਕ ਅਤੇ ਪ੍ਰਸੰਨ ਜੀਵਨ ਦੀ ਝਲਕ ਪੈਦਾ ਕਰ ਰਹੀ ਸੀ। ਧੰਨ ਭਾਗ! ਅਜੇ ਮੈਂ ਓਸ ਵੱਲ ਤੱਕ ਹੀ ਰਿਹਾ ਸੀ ਕਿ ਇਕ ਬ੍ਰਿਧ ਇਸਤ੍ਰੀ ਉਸਦੇ ਕੋਲੋਂ ਦੀ ਲੰਘੀ, ਇਹ ਸੱਚ ਮੁੱਚ ਬੁੱਢੀ ਸੀ, ਭਾਵੇਂ ਉਸ ਨਾਲੋਂ ਉਮਰ ਵਿਚ ਘੱਟ ਤੋਂ ਘੱਟ ਦਸ ਪੰਦ੍ਰਾਂ ਸਾਲ ਛੋਟੀ ਹੀ ਹੋਵੇਗੀ, ਤਦ ਭੀ ਉਸਦੀ ਪਿੱਠ ਝੁਕ ਗਈ ਸੀ ਅਤੇ ਪਰਤੱਖ ਹੀ ਉਸਦੇ ਜੋੜ ਅਰ ਪੱਠੇ ਸਿਥਲ ਹੋ ਗਏ ਸਨ, ਓਹ ਚੁਪ ਚਾਪ (ਮੁਰਦੜ ਚਾਲ ਵਾਲੀ) ਸੀ, ਉਸਦੇ ਚੇਹਰੇ ਤੇ ਘਨੀਂ ਉਦਾਸੀ ਛਾਈ ਹੋਈ ਸੀ, ਇਸਤੋਂ ਛੁਟ ਉਸਦੇ ਸਿਰ ਤੇ ਕਈਆਂ ਵੱਟਾਂ ਵਾਲੀ ਕਾਲੀ ਟੋਪੀ ਸੀ ਅਤੇ ਮੁਖੜੇ ਤੇ ਇਕ ਵੱਡਾ ਭਾਰਾ ਪ ਦਾ ਹੋ ਭੀ ਵਧੇਰੇ ਕਾਲੇ ਰੰਗ ਦਾ ਪਿਆ ਹੋਇਆ ਸੀ, ਜਿਸਤੋਂ ਉਸਦੀ ਸ਼ਕਲ ਹੋਰ ਭੀ ਜ਼ਿਆਦਾ ਮਾਤਮੀ ਵਖਾਲੀ ਦੇਂਦੀ ਸੀ, ਉਸਦੀ ਸਾਰੀ ਪੁਸ਼ਾਕ ਏਸੇ ਹੀ ਤਰਾਂ ਦੀ ਸੀ। ਏਸ ਪਾਗਲਤਾ ਸੂਚਕ (ਮਾਤਮੀ) ਪੁਸ਼ਾਕ ਅਰ ਉਸਦੀ ਸੂਰਤ ਅੜੇ ਸੁਭਾਵ ਤੋਂ ਓਸਨੇ ਲਗਾਤਾਰ ਦੋ ਗੱਲਾਂ ਸੰਸਾਰ ਲਈ ਪ੍ਰਗਟ ਕੀਤੀਆਂ ਸਨ :(੧) ਪੈਹਲੇ

ਉਸਦੀਆਂ ਆਪਣੀਆਂ ਨਿਜ ਦੀਆਂ ਉਦਾਸੀਆਂ ਅਤੇ ਫ਼ਿਕਰ ਜਿਨ੍ਹਾਂ ਨੂੰ ਓਹ ਏਸੇ ਢੰਗ ਨਾਲ ਮਨ ਵਿਚ ਬਰਾਬਰ ਯਾਦ ਰੱਖਦੀ ਸੀ। (੨) ਨਾਲ ਹੀ ਪਦਾਰਥਾਂ ਦੀ ਸੱਚੀ ਭਲਾਈ ਦੀ ਪ੍ਰੀਤੀ ਵਿਖੇ ਵਿਸਵਾਸ ਦੀ ਘਾਟਾ ਅਰ ਬਅੰਤ ਪਿਤਾ (ਵਾਹਗੁਰੂ) ਅਤੇ ਉਸਦੀ ਇਕ ਰਸ ਨੇਕੀ ਵਿਖੇ ਨਿਸਚੇ ਦਾ ਨਾਂ ਹੋਣਾ।

ਇਹ ਬੁੱਢੀ ਆਪਣੇ ਹੀ ਰੋਗਾਂ, ਗ਼ਮਾਂ ਤੇ ਫਿਕਰਾਂ ਵਿਖੇ ਵੇੜ੍ਹੀ ਹੋਈ ਸੀ, ਉਸਨੂੰ ਕਿਸੇ ਤਰਾਂ ਦੀ ਖੁਸ਼ੀ, ਆਸ ਹਿੰਮਤ ਅਤੇ ਹੋਰ ਕੋਈ ਹੱਛੀ ਅਤੇ ਵਡਮੁੱਲੀ ਚੀਜ਼ ਨਾਂ ਤਾਂ ਆਪ ਨੂੰ ਹੀ ਪ੍ਰਾਪਤ ਸੀ ਅਤੇ ਨਾਂ ਉਸਨੇ ਆਪ ਹੋਰ ਲੋਕਾਂ ਨੂੰ ਕੁਝ ਦਿੱਤਾ, ਜੋ ਉਸਦੇ ਕੋਲੋਂ ਲੰਘਦੇ ਸਨ ਜਾਂ ਜਿਨ੍ਹਾਂ ਨਾਲ ਓਹ ਮਿਲਦੀ ਜੁਲਦੀਸੀ, ਸਗੋਂ ਉਸਦੇ ਉਲਟ ਓਹ ਸਾਰੇ ਲੋਕਾਂ ਦੇ ਦਿਲਾਂ ਵਿਚ ਓਹ ਮਾਨਸਕ ਹਾਲਤਾਂ ਸੁਝਾਂਦੀ ਅਤੇ ਬਹੁਤਿਆਂ ਵਿਚ ਪੱਕਿਆਂ ਕਰਿਆ ਕਰਦੀ ਸੀ, ਜੋ ਸਾਡੇ ਆਮ ਜੀਵਨ ਵਿਖੇ ਵਸ਼ੇਸ਼ ਕਰਕੇ ਸਿੱਧ ਹੁੰਦੀਆਂ ਹਨ, ਅਤੇ ਜਦੋਂ ਏਹ ਇਸਤ੍ਰੀ ਉਸ ਪਹਲੀ ਦੇਵੀ ਦੇ ਕੋਲੋਂ ਦੀ ਲੰਘੀ ਤਾਂ ਉਸਦੇ ਸਿਰਦੇ ਜ਼ਰਾਕੁ ਝੁਕਜਾਨਤੋਂ ਅਤੇ ਉਸਦੇ ਚੇਹਰੇ ਦੇ ਪ੍ਰਕਾਸ਼ ਤੋਂ ਪ੍ਰਤੀਤ ਹੁੰਦਾ ਸੀ ਕਿ ਮਾਨੋਂ ਓਹ ਸਾਡੀ ਕ੍ਰਿਪਾਲੂਆਨੂੰ ਇਹ ਆਖਦੀ ਸੀ: "ਤੁਹਾਡੀ ਪੁਸ਼ਾਕ ਅਤੇ ਤੁਹਾਡੇ ਕਰਤੱਵ ਤੁਹਾਡੀ ਆਯੂ ਦੇ ਅਨੁਸਾਰ ਮਲੂਮ ਨਹੀਂ ਹੁੰਦੇ।" ਬਾਰ ਬਾਰ ਕਰਤਾਰ ਦਾ ਸ਼ੁਕਰ ਹੈ ਕਿ ਸਾਡੀ ਬੁੱਢੀ ਮਾਈ ਦੀ ਪੁਸ਼ਾਕ ਅਤੇ ਚਲਨ ਅਜੇਹਾ ਨਹੀਂ ਹੈ, ਅਤੇ ਅਸੀ ਪ੍ਰਾਰਥਨਾ ਕਰਦੇ ਹਾਂ ਕਿ ਈਸ਼੍ਵਰ

ਪ੍ਰਮਾਤਮਾਂ ਸਾਨੂੰ ਆਪਣੀ ਮਹਾਨ ਭਲਾਈ ਤੇ ਕ੍ਰਿਪਾ-ਲਤਾ ਵਿਚੋਂ ਇਸੇ ਹੁੱਛੇ ਨਮੂਨੇ ਦੇ ਅਣਗਿਣਤ ਪੁਰਸ਼ ਸੰਸਾਰ ਵਿਖੇ ਪ੍ਰਦਾਨ ਕਰੇ ਅਤੇ ਈਸ਼੍ਵਰ ਕਰੇ ਕਿ ਏਹ ਲੋਕ ਹਜ਼ਾਰਾਂ ਸਾਲਾਂ ਤਕ ਜੀਉਂਦੇ ਜਾਗਦੇ ਰੈਹਨ ਅਤੇ ਮਨੁਸ਼ ਮਾਤ੍ਰ ਲਈ ਮੁਬਾਰਕ ਹੋਣ ਅਤੇ ਸਾਡੇ ਆਸ ਪਾਸ ਦੇ ਬੇਸ਼ੁਮਾਰ ਲੋੜਵੰਦਾਂ ਨੂੰ ਆਪਣੇ ਪ੍ਰਤਾਪੀ (ਸ੍ਰੇਛ) ਜੀਵਨ ਦਾ ਅਸਰ ਬਖਸ਼ਣ। ਕੀਹ ਤੁਸੀ ਸਦੀਵ ਨੌਜੁਆਨ ਰਹਣਾ ਚਾਹੁੰਦੇ ਹੋ ਅਤੇ ਵੱਡੇ ਹੋਕੇ ਭੀ ਪ੍ਰਸੰਨ ਸੁਭਾਉ ਅਤੇ ਹੁਲਾਸੜਾ ਕਾਇਮ ਰੱਖਣਾ ਚਾਹੁੰਦੇ ਹੋ ? ਤਾਂ ਤੁਸਾਨੂੰ ਕੇਵਲ ਇਕ ਗੱਲ ਦਾ ਧਿਆਨ ਰਖਣਾ ਉਚਿੱਤ ਹੈ, ਅਰਥਾਤ ਇਹ ਕਿ ਤੁਸੀ ਆਪਣੀ ਮਨੋਂ ਮਈ ਸ੍ਰਿਸ਼ਟੀ ਵਿਖੇ ਕਿਸਤਰਾਂ ਜੀਵਨ ਬਤੀਤ ਕਰਦੇ ਹੋ? ਇਸਤੋਂ ਸਾਰੀਆਂ ਗੱਲਾਂ ਦਾ ਫੈਸਲਾ ਹੋ ਜਾਏਗਾ। ਗੋਤਮ ਬੁਧ ਜੀ ਜਿਨ੍ਹਾਂ ਨੂੰ ਰੱਬ ਵਲੋਂ ਅਕਾਸ਼ ਬਾਣੀ ਹੋਈ ਸੀ, ਓਹਨਾਂ ਦਾ ਕਥਨ ਹੈ :"ਆਤਮਾਂ ਹੀ ਸਭ ਕੁਛ ਹੈ, ਜੋ ਕੁਝ ਤੁਸੀ ਚਿਤਵਦੇ ਹੋ, ਉਹੋ ਹੀ ਤੁਸੀ ਹੋ ਜਾਂਦੇ ਹੋ।" ਰਿਸਕਨ ਜੋ ਇਕ ਇੰਗਲਸਤਾਨ ਦਾ ਪ੍ਰਸਿੱਧ ਲੇਖਕ ਹੋਇਆ ਹੈ ਉਸਦਾ ਭੀ ਇਹੀ ਖਿਆਲ ਸੀ, ਜਿਹਾ ਕਿ ਉਸਦੇ ਲਿਖੇ ਹੋਏ ਬਚਨਾਂ ਤੋਂ ਸਿੱਧ ਹੈ : "ਆਪਣੇ ਆਪ ਨੂੰ ਸ਼ੋਭਨੀਕ ਅਤੇ ਸ਼ੁਭ ਖਿਆਲਾਂ ਦੇ ਆਹਲਨੇ ਬਣਾਓ, ਸਾਡੇ ਵਿਚੋਂ ਕਿਸੇ ਨੂੰ ਭੀ ਹਣਤਾਈ ਇਹ ਗੱਲ ਮਲੂਮ ਨਹੀਂ ਹੈ, ਕਿਉਂਕਿ ਸਾਡੇ ਵਿਚੋਂ ਬਹੁਤ ਥੋਹੜਿਆਂ ਨੂੰ ਪਤਾ ਹੈ ਕਿ ਅਸੀ ਆਪਣੀਆਂ ਚੜ੍ਹਦੀਆਂ ਕਲਾਂ ਵਿਚ ਹੱਛੇ ਖਿਆਲਾਂ ਦੇ ਬਦਲੇ

ਕਿਹੋ ਜਿਹੇ ਮੰਦਰ ਅਤੇ ਹੱਛੇ ਮਹੱਲ ਬਨਾਕੇ ਖਲ੍ਹੇ ਕਰ ਸਕਦੇ ਹਾਂ, ਜਿਨ੍ਹਾਂ ਵਿਚ ਸਭ ਭਾਂਤ ਦੀ ਵਿਰੋਧਤਾ ਅਰਥਾਤ ਮੁਸੀਬਤ ਜਾਂ ਦਿੱਦਰ ਆਦਿ ਨਹੀਂ ਆ ਸਕਦਾ। ਜੇ ਤੁਸੀ ਆਪਣੇ ਸਰੀਰ ਵਿਚ ਜੁਆਨੀ ਜਾਂ ਬਾਲਪਨ ਵਰਗੀ ਚਲਾਕੀ, ਤਾਕਤ ਅਤੇ ਸੁੰਦ੍ਰਤਾ ਕਾਇਮ ਰੱਖਣੀ ਚਾਹੁੰਦੇ ਹੋ ਤਾਂ ਤੁਹਾਨੂੰ ਚਾਹੀਦਾ ਹੈ ਕਿ ਇਹਨਾਂ ਗੱਲਾਂ ਨੂੰ ਆਪਣੇ ਅੰਤਾਕਾਰਿ ਵਿਚ ਭਰੋ ਅਤੇ ਕੋਈ ਅਪਵਿਤ ਖਿਆਲ ਆਪਣੇ ਅੰਦਰ ਨਾਂ ਆਉਣ ਦਿਓ, ਅਤੇ (ਬੱਸ ਫੇਰ) ਇਹੀ ਗੱਲਾਂ ਤੁਹਾੜੇ ਸਰੀਰ ਦੇ ਅੰਦਰ ਬਾਹਰਲੀ ਹਾਲਤ ਵਿਚ ਪ੍ਰਗਟ ਹੋ ਆਉਣਗੀਆਂ, ਜਿੰਨੇ ਤੁਸੀ ਆਪਣੇ ਖਿਆਲ ਵਿਚ ਜੁਆਨ ਬਣੇਂ ਰਹੋਗੇ ਓਨੀਂ ਹੀ ਤੁਹਾਡੇ ਸਰੀਰ ਵਿਚ ਭੀ ਜੁਆਨੀ ਬਨੀ ਰਹੇਗੀ ਅਤੇ ਇਸਤੋ ਤੁਸੀ ਵੇਖੋਗੇ ਕਿ ਮੁੜ ਤੁਹਾਡਾ ਸਰੀਰ ਤੁਹਾਡੇ ਮਨ ਨੂੰ ਮਦਦ ਦੇਵੇਗਾ, ਕਿਉਂਕਿ ਸਰੀਰ ਮਨ ਦੀ ਏਸੇ ਤਰਾਂ ਮਦਦ ਕਰਦਾ ਹੈ ਜਿਹਾ ਕਿ ਮਨ ਸਰੀਰ ਨੂੰ ਬਣਾਉਂਦਾ ਹੈ।

ਤੁਸੀ ਰੁਤੋਰੁਤੀ ਆਪਣੇ ਸਰੀਰ ਵਿਚ ਅਜੇਹੀਆਂ ਹਾਲਤਾਂ ਬਣਾਂਦੇ ਅਤੇ ਜਾਹਰ ਕਰਦੇ ਰਹਿੰਦੇ ਹੋ ਜੋ ਕਿ ਤੁਹਾਡੇ ਅੰਦਰਲੇ ਖਿਆਲਾਂ ਤੇ ਸੰਕਲਪਾਂ ਦੀ ਨਿਕਟਤਾ ਰਖਦੀਆਂ ਹਨ। ਤੁਸੀ ਕੇਵਲ ਆਪਣੇ ਅੰਦ੍ਰ ਹੀ (ਕੰਧ) ਨਹੀਂ ਉਸਾਰ ਰਹੇ, ਸਗੋਂ ਬਾਹਰੋਂ ਭੀ ਤੁਸੀ ਇਸੇ ਤਰਾਂ ਦੀਆਂ ਤਾਕਤਾਂ ਨੂੰ ਆਪਣੇ ਅੰਦਰ ਖਿੱਚਦੇ ਰਹਿੰਦੇ ਹੋ, ਜਿਹਾ ਕਿ ਤੁਹਾਡਾ ਆਪਣਾ ਖਾਸ ਖਿਆਲ ਹੁੰਦਾ ਹੈ, ਉਹ ਜਿਹਾ ਹੀ ਉਸੇ ਤਰਾਂ ਦਾ ਖਿਆਲ ਬਾਹਰੋਂ

ਆਣ ਮਿਲਦਾ ਹੈ। ਯਥਾ ਜੇ ਤੁਹਾਡਾ ਅੰਤ੍ਰੀਵ ਖਿਆਲ -ਹੁਲਾਸਤਾ, ਆਸ ਅਤੇ ਖੁਸ਼ੀ ਨਾਲ ਭਰਿਆ ਹੋਇਆ ਹੋਵੇਗਾ, ਤਾਂ ਤੁਸਾਡੇ ਵਿਖੇ ਏਸੇ ਤਰਾਂ ਦੇ ਸੁਭਾਵ ਵਾਲੇ ਹੋਰ ਖਿਆਲ ਦੀ ਧਾਰਾ ਆ ਮਿਲੇਗੀ, ਅਤੇ ਜੇ ਤੁਹਾਡਾ ਖਿਆਲ ਰੰਜ, ਭੈ ਅਤੇ ਨਿਰਾਸਤਾ ਨਾਲ ਭਰਿਆ ਹੋਇਆ ਹੈ ਤਾਂ ਤੁਹਾਨੂੰ ਹੋਰ ਅਜੇਹੇ ਹੀ ਖਿਆਲ ਆਣ-ਸੁੱਝਣਗੇ।

ਜੇ ਤੁਹਾਡਾ ਖਿਆਲ ਰੰਜ ਅਤੇ ਭੈ ਅਰ ਨਿਰਾਸਤਾ ਨਾਲ ਭਰਿਆ ਹੋਇਆ ਹੈ, ਤਾਂ ਇਉਂ ਮਲੂਮ ਹੁੰਦਾ ਹੈ ਕਿ ਤੁਸੀ ਸ਼ਾਇਦ ਅਨਜਾਣਤਾ ਵਿਚ ਹੌਲੀ ੨ ਏਸੇਤਰਾਂ ਦੇ ਹੋਰ ਖਿਆਲਾਂ ਨਾਲ ਸੰਬੰਧ ਵਧਾਂਦੇ ਰਹੇ ਹੋ। ਤੁਹਾਨੂੰ ਹੁਣ ਪਿਛਾਂਹ ਹਟਨ ਦੀ ਲੋੜ ਹੈ, ਤਾਂਕਿ ਤੁਸੀ ਆਪਣੇ ਅੰਦਰ ਬਾਲਪੁਣੇ ਵਾਲੀ ਹਾਲਤ ਫੇਰ ਪੈਦਾ ਕਰੋ, ਅਤੇ ਬੇਫਿਕਰੀ ਤੇ ਪ੍ਰਸੰਨਤਾ ਦੇ ਖਿਆਲ ਦਿਲ ਅੰਦਰ ਭਰੋ। "ਬਹੁਤ ਸਾਰੇ ਬੱਚੇ ਜੋ ਮਿਲਕੇ ਖੇਲਦੇ ਰਹਿੰਦੇ ਹਨ, ਓਹਨਾਂ ਦੇ ਚਿੱਤ ਨਾਂ ਜਾਣੇ ਬੁਝੇ ਖਿਲਾੜੀ ਖਯਾਲਾਂ ਨੂੰ ਹੀ ਆਪਣਿਆਂ ਸਰੀਰਾਂ ਵੱਲ ਖਿੱਚਣ ਵਿਖੇ ਤਤਪਰ ਰਹਿੰਦੇ ਹਨ।" ਜੇ ਕਿਸੇ ਬੱਚੇ ਨੂੰ ਅਕੱਲਾ ਛੱਡ ਦਿੱਤਾ ਜਾਵੇ, ਅਤੇ ਹੋਰ ਬਾਲਕ ਉਸਦੇ ਕੋਲ ਨਾਂ ਹੋਵਨ ਤਾਂ ਇਹ ਬਾਲਕ ਝੱਟ ਉਦਾਸੀਨ ਜਿਹਾ ਹੋਕੇ ਚੁੱਪ ਚਾਪ, ਮਿੱਟੀ ਦਾ ਬੁਤ ਜਿਹਾ ਹੋ ਜਾਇਗਾ, (ਉੱਕਾ ਹੀ ਖੇਡੇ ਕੁੱਦੇਗਾ ਨਹੀਂ) ਮਾਨੋਂ ਏਸ ਬੱਚੇ ਨੂੰ ਉਸਦੇ ਖਿਆਲਾਂ ਦੀ ਖਾਸ ਧਾਰਾ ਨਾਲੋਂ ਅੱਡ ਕਰ ਦਿੱਤਾ ਤੇ ਮਾਨੋਂ ਹੁਣ ਓਹ ਆਪਣੀ ਅਸਲੀ ਹਾਲਤ ਵਿਚ ਨਹੀਂ ਹੈ। "ਤੁਹਾਨੂੰ

ਹੁਣ ਫੇਰ ਇਸ ਤਰਾਂ ਦੇ ਬਾਲਪਨ ਵੱਲ ਖਿਲਾੜੀ (ਹੁਲਾਸਤਾ ਭਰੇ) ਖਿਆਲਾਂ ਦੀ ਰੌ ਨੂੰ ਅੰਦਰ ਆਉਣ ਦੇਣ ਦੀ ਲੋੜ ਹੈ ਇਹ ਰੌ ਹੁਣ ਹੌਲੀ ੨ ਤੁਹਾਡੇ ਅੰਦਰ ਆਉਣੀ ਬੰਦ ਹੋ ਗਈ ਹੈ। ਤੁਸੀ ਹੁਣ ਹੱਦ ਤੋਂ ਵਧਕੇ ਪਰੇਸ਼ਾਨ ਅਤੇ ਉਦਾਸੀਨ ਹੋ ਗਏ ਹੋ, ਜਾਂ ਇਹ ਕਿ ਜੀਵਨ ਦੇ ਵੱਡੇ ਕਾਰ ਵਿਹਾਰਾਂ ਵਿਚ ਰੁੱਝ ਗਏ ਹੋ। ਤੁਸੀ ਹੁਣ ਭੀ ਹੁਲਾਸਤਾ ਅਤੇ ਪ੍ਰਸੰਨ ਸੁਭਾਉ ਪ੍ਰਗਟ ਕਰ ਸਕਦੇ ਹੋ, ਇਸ ਵਾਸਤੇ ਇਹ ਜ਼ਰੂਰੀ ਨਹੀਂ ਕਿ ਬਾਲਾਂ ਵਾਂਗ ਬਾਲਪੁਣੇ ਜਾਂ ਮੂਰਖਤਾ ਵਿਚ ਵਰਤੋ। ਜਦ ਤੁਹਾਡਾ ਮਨ ਕੰਮ ਕਾਰ ਵਲੋਂ ਅੱਕ ਗਿਆ ਹੋਵੇ ਤਾਂ ਹਾਸੀ ਖੁਸ਼ੀ ਦੀ ਹਾਲਤ ਵਿਚ ਤੁਸੀ ਆਪਣਾ ਕੰਮ ਸਭ ਤਰਾਂ ਨਾਲ ਹੱਛੀ ਤਰਾਂ ਕਰ ਸਕਦੇ ਹੋ, ਅਤੇ ਜੇ ਤੁਸੀ ਬਰਾਬਰ ਉਦਾਸੀਨਤਾ ਅਤੇ ਸੋਚ ਫਿਕਰ ਦੀ ਹਾਲਤ ਰੱਖੋਗੇ ਤਾਂ ਉਸਤੋਂ ਨੁਕਸਾਨ ਉਠਾਓਗੇ। ਬਹੁਤ ਸਾਰੇ ਲੋਕ ਜੋ ਏਸ ਪਰੇਸ਼ਾਨ ਦਸ਼ਾ ਵਿਚ ਚਿਰ ਕਾਲ ਤਾਈਂ ਰਹਿੰਦੇ ਹਨ, ਤਾਂ ਉਸਦਾ ਫਲ ਇਹ ਹੁੰਦਾ ਹੈ ਕਿ ਉਨ੍ਹਾਂ ਵਾਸਤੇ ਹੱਸਣਾ ਖੇਡਣਾ ਭੀ ਕਠਨ ਹੋ ਜਾਂਦਾ ਹੈ, ਅਠਾਰਾਂ ਜਾਂ ਵੀਹ ਸਾਲ ਦੀ ਉਮਰਾ ਵਿਚ ਤੁਸਾਂ ਬਾਲਪੁਣੇ ਦੀ ਖਿਲਾੜੀ ਅਤੇ ਪ੍ਰਸੰਨ ਸੁਭਾਉ ਦਸ਼ਾ ਤੋਂ ਨਿਕਲਨਾਂ ਸ਼ੁਰੂ ਕੀਤਾ। ਤੁਸਾਂ ਉਦਾਸੀਨਤਾ ਗ੍ਰਹਣ ਕੀਤੀ, ਤੁਸੀਂ ਕਿਸੇ ਕੰਮ ਵਿਚ ਪੈ ਗਏ, ਅਤੇ ਇਸ ਕੰਮ ਦੇ ਫਿਕਰ, ਖੇਚਲ ਅਤੇ ਜ਼ਿੰਮੇਵਾਰੀਆਂ ਵਿਚ ਘੱਟ ਵੱਧ ਫਸ ਗਏ। ਤੁਸੀ ਮਰਦ ਜਾਂ ਤੀਵੀਂ ਪੁਣੇ ਦੀ ਹੈਸੀਅਤ ਵਿਚ ਕਿਸੇ ਅਜੇਹੇ ਕੰਮ ਕਾਜ ਵਿਖੇ ਸ਼ਰੀਕ ਹੋ ਗਏ, ਜਿਸ ਵਿਚ ਤੁਹਾਨੂੰ

ਬਹੁਤ ਕੁਝ ਤਕਲੀਫ ਜਾਂ ਖੇਚਲ ਉਠਾਣੀ ਪੈਂਦੀ ਹੈ, ਜਾਂ ਤੁਸੀ ਕਿਸੇ ਅਜੇਹੇ ਕਾਰ ਵਿਹਾਰ ਵਿਚ ਰੁੱਝ ਗਏ ਜਿਸਦੇ ਪੂਰਾ ਕਰਨ ਵਿਚ ਤੁਹਾਨੂੰ ਖੇਡਣ ਲਈ ਸਮਾਂ ਨਹੀਂ ਮਿਲਿਆ, ਪਸ਼ਚਾਤ ਜਦ ਤੁਸੀ ਆਪਣੇ ਨਾਲੋਂ ਵੱਡੀ ਉਮਰ ਦੇ ਲੋਕਾਂ ਨਾਲ ਮਿਲੇ ਜੁਲੇ ਤਾਂ ਤੁਹਾਡੇ ਵਿਚ ਓਹਨਾਂ ਦੇ ਪੁਰਾਣੇ ਖਿਆਲ ਭਰ ਗਏ। ਤੁਸੀ ਓਹਨਾਂ ਵਾਂਗ ਇਕ ਖਾਸ ਅਮਲੀ ਤੌਰ ਤੇ ਸੋਚਣ ਲੱਗੇ, ਅਤੇ ਓਹਨਾਂ ਦਿਆਂ ਭੁਲੇਖਿਆਂ ਨੂੰ ਬਿਨਾਂ ਹੀਲਹੁੱਜਤ ਦੇ ਸੱਚ ਮੰਨ ਲੀਤਾ, ਉਸਦਾ ਫਲ ਇਹ ਹੋਇਆ ਕਿ ਤੁਸਾਂ ਆਪਣੇ ਅੰਦਰ ਫਿਕਰ, ਸੋਚ ਆਦਿਕਾਂ ਨਾਲ ਭਰੇ ਹੋਏ ਖਿਆਲਾਂ ਦੀ ਰੌ ਆਉਣ ਲਈ ਮਨ ਦਾ ਮੁਹਾਣਾ ਖੋਲ੍ਹ ਦਿੱਤਾ, ਅਤੇ ਬੇ ਖਬਰੀ ਵਿਚ ਤੁਸੀ ਏਸੇ ਰੌ ਵਿਚ ਵੈਂਹਦੇ ਚਲੇ ਗਏ, ਅਰਥਾਤ ਏਸੇ ਤਰਾਂ ਦੇ ਖਿਆਲਾਂ ਵਿਚ ਮਗਨ ਹੋ ਗਏ। ਇਹ ਖਿਆਲ ਤੁਹਾਡੇ ਲਹੂ ਅਤੇ ਮਾਂਸ ਵਿਚ ਰਮ ਗਏ। ਏਸੇ ਹਾਲਤ ਵਿਚ ਤੁਹਾਡੇ ਸਰੀਰ ਦਾ ਦ੍ਰਿਸ਼ਜ, ਤੁਹਾਡੇ ਮਨ ਤੋਂ ਸਰੀਰ ਵੱਲ ਸਦਾ ਉੱਠਦੇ ਹੋਏ ਖਿਆਲਾਂ ਦਾ ਸੰਗ੍ਰਹ ਜਾਂ ਪ੍ਰਕਾਸ਼ ਹੈ, ਏਸੇ ਹਾਲਤ ਵਿਚ ਕਈ ਸਾਲ ਬੀਤ ਗਏ, ਅਰ ਹੁਣ ਤੁਸੀ ਵੇਖਦੇ ਹੋ ਕਿ ਤੁਹਾਡੇ ਬਾਹਰਲੇ ਕਰਤੱਵਜ ਪਹਿਲਾਂ ਵਰਗੇ ਚੁਸਤ ਚਲਾਕ ਨਹੀਂ ਰਹੇ, ਅਰ ਸੁਸਤ ਹੋ ਗਏ ਹੋ, ਅਰ ਹੁਣ ਤੁਸੀ ਬ੍ਰਿਛ ਤੇ ਸੁਖਾਲੇ ਨਹੀਂ ਚੜ੍ਹ ਸਕਦੇ, ਜਿਹੇ ਕਿ ਚੌਦਾਂ ਸਾਲ ਦੀ ਉਮਰ ਵਿਚ ਚੜ੍ਹ ਸਕਦੇ ਸੇ। ਇਹ ਸਾਰਾ ਸਮਾਂ ਤੁਹਾਡਾ ਮਨ, ਤੁਹਾਡੇ ਸਰੀਰ ਵੱਲ, ਜੋ ਕੁਝ ਕਿ ਹੁਣ ਓਹ ਹੈ, ਉਸਦੇ ਬਣਾਉਣ ਵਾਲੇ ਬੋਝਲ ਤੇ ਸੁਸਤਲ

ਖਿਆਲਾਂ ਨੂੰ ਭੇਜਦਾ ਰਿਹਾ ਹੈ।

"ਹੁਣ ਤੁਹਾਡੀ ਹਾਲਤ ਹੌਲੀ ੨ ਹੱਛੀ ਹੋਵੇਗੀ, ਅੰਤੇ ਇਹ ਉਸੇ ਵੇਲੇ ਹੋ ਸਕਦਾ ਹੈ ਜਦੋਂ ਕਿ ਸੁੱਛ ਖਿਆਲਾਂ ਦੀ ਪੜਪੋਕ ਰੌ ਆਪਣੇ ਮਨ ਅੰਦਰ ਬਰਾਬਰ ਆਉਣ ਦਿਓ, ਕਰਤਾਰ ਪਾਲਨਹਾਰ ਦੀ ਸੇਵਾ ਵਿਚ ਇਹ ਬੇਨਤੀ ਕਰੋ ਕਿ ਉਹ ਤੁਹਾਨੂੰ ਸ਼ੁਭ ਮਾਰਗ ਵਿਚ ਲਾਵੇ, ਅਤੇ ਹਾਨੀ ਕਾਰਕ ਤੇ ਪਵਿੱਤ੍ਰ ਖਿਆਲਾਂ ਤੋਂ ਹਟਾਕੇ ਤੁਹਾਡੇ ਮਨ ਨੂੰ ਅਰੋਗਤਾ, ਦਾਤਾ ਅਤੇ ਪਵਿੱਤ੍ਰ ਖਿਆਲਾਂ ਵੱਲ ਪ੍ਰੇਰਨਾਂ ਕਰੇ।"

"ਪ੍ਰਸ਼ੂਆਂ ਦੀ ਨਿਆਈਂ ਸਾਡੀ ਪਿਆਰੀ ਸੰਤਾਨ ਦੇ ਸਰੀਰ ਸਮਾਂ ਪਾਕੇ ਕਮਜ਼ੋਰ, ਕਰੂਪ ਤੇ ਢਿੱਲੇ ਹੋ ਗਏ, ਪਰ ਇਹ ਦਸ਼ਾ ਸਦੀਵ ਕਾਲ ਨਹੀਂ ਰਹੇਗੀ। ਆਤਮਕ ਵਿੱਦਯਾ ਦੀ ਤੱਕੀ ਕਰਕੇ ਇਸ ਥੋੜੇ ਪੁਣੇ ਦਾ ਕਾਰਨ ਮਲੂਮ ਹੋ ਜਾਇਗਾ, ਅਤੇ ਇਹ ਭੀ ਸਿੱਧ ਹੋ ਜਾਇਗਾ ਕਿ ਅਸੀ ਆਪਣੇ ਸੁਧਾਰਨ ਲਈ ਨਿਯਮ ਜਾਂ ਤਾਕਤ ਦੁਆਰਾ ਲਾਭ ਦਾਇਕ ਕੰਮ ਕਿਸਤਰਾਂ ਲੈ ਸਕਦੇ ਹਾਂ, ਅਤੇ ਸਦੀਵ ਆਪਣੇ ਸਰੀਰ ਨੂੰ ਨਵੇਂ ਸਿਰੇ ਤੇ ਕਿਸਤਰਾਂ ਉਸ ਵਿਚ ਜ਼ਿਆਦਾ ਤੋਂ ਜ਼ਿਆਦਾ ਤਾਕਤ ਪੈਦਾ ਕਰ ਸਕਦੇ ਹਾਂ, ਬਜਾਏ ਇਸਦੇ ਕਿ ਪਹਲੀ ਤਰਾਂ ਦੀ ਨਿਆਈਂ ਇਸ ਕਾਨੂਨ ਜਾਂ ਤਾਕਤ ਨੂੰ ਬਿਨਾਂ ਸੋਚੇ ਸਮਝੇ ਵਰਤਨ ਵਿਚ ਨਾਂ ਲਿਆਵੀਏ, ਜਿਸਤੋਂ ਸਾਡੇ ਸਰੀਰ ਕਮਜ਼ੋਰ ਹੋ ਜਾਣ ਅਤੇ ਅੰਤ ਨੂੰ ਨਾਸ"।

ਪੂਰਨ, ਉਦਾਰ ਅਤੇ ਵਾਫਰ ਅਰੋਗਤਾ ਦਾ ਹੋਣਾ ਜੀਵਨ ਦੀ ਅਸਲੀ ਅਤੇ ਕੁਦਰਤੀ ਹਾਲਤ ਹੈ, ਇਸਦੇ

ਉਲਟ ਜੋ ਹਾਲਤ ਹੈ ਓਹ ਬਨਾਵਟੀ ਅਤੇ ਗੈਰ ਮਾਮੂਲੀ ਹੈ, ਅਤੇ ਇਹ ਬਨਾਵਟੀ ਅਰ ਗੈਰ ਮਾਮੂਲੀ ਹਾਲਤ ਆਮ ਤੌਰ ਤੇ ਅਗਜਾਨੰਤਾ ਦੇ ਕਾਰਨ ਵਾਪਰਦੀ ਹੈ। ਈਸ਼ਵਰ ਪ੍ਰਮਾਤਮਾਂ ਨੇ ਦੁਖ ਤੇ ਬੀਮਾਰੀ ਕਦਾਚਿੱਤ ਪੈਦਾ ਨਹੀਂ ਕੀਤੀ, ਇਹ ਸਾਰੇ ਮਨੁਸ਼ਾਂ ਦੀਆਂ ਆਪਣੀਆਂ ਬਣਾਈਆਂ ਹੋਈਆਂ ਹਨ। ਜੀਵਨ ਨਿਯਮ ਦੇ ਵਿਰੁੱਧ ਵਿਹਾਰ ਕਰਨ ਤੋਂ ਹੀ ਇਹ ਗੱਲਾਂ ਦੇਖਣ ਵਿਚ ਆਉਂਦੀਆਂ ਹਨ। ਅੰਸੀ ਓਹਨਾਂ ਤਕਲੀਫਾਂ ਦੇ ਵੇਖਣ ਦੇ ਏਨੇ ਆਦੀ ਹੋ ਗਏ ਹਾਂ ਕਿ ਜੇ ਓਹਨਾਂ ਨੂੰ ਕੁਦਰਤੀ ਖਿਆਲ ਨਾਂ ਭੀ ਕਰੀਏ ਤਾਂ ਹੌਲੀ ੨ ਅਸੀ ਓਹਨਾਂ ਨੂੰ ਜ਼ਰੂਰੀ ਤਾਂ ਜ਼ਰੂਰ ਸਮਝਣ ਲੱਗ ਪੈਂਦੇ ਹਾਂ।

ਇਕ ਸਮਾਂ ਅਜੇਹਾ ਆਉਣ ਵਾਲਾਹੈ ਕਿ ਵੈਦ ਹਕੀਮ ਡਾਕਟਰ ਸ਼ੀਰਦਾ ਇਲਾਜ ਕਰਨ ਜਾਂ ਉਸਨੂੰ ਸੁਸਥ ਬਨਾਨ ਦੇ ਯਤਨਾਂ ਦੀ ਥਾਂ ਮਨ ਜਾਂ ਅੰਤਸ਼ਕਰਣ ਨੂੰ ਅਰੋਗਤਾ ਬਖਸ਼ਣ ਦਾ ਯਤਨ ਕਰਨਗੇ, ਅਤੇ ਮੁੜ ਉਸਤੋਂ ਸ਼ੀਰਕ ਅਰੋਗਤਾ ਵਰਤੋਂ ਵਿਚ ਆਵੇਗੀ। ਜਾਂ ਇਉਂ ਆਖੋ ਕਿ ਅਸਲੀ ਹਕੀਮੁ ਇਕ ਸਿੱਖਜਕ ਵਿਦਵਾਨ ਹੋਇਆ ਕਰੇਗਾ, ਉਸਦਾ ਕੰਮ ਇਹ ਨਹੀਂ ਹੋਵੇਗਾ ਕਿ ਬੀਮਾਰੀ ਜਾਂ ਰੋਗ ਦੇ ਆਉਣਤੋਂ ਪਿੱਛੋਂ ਲੋਕਾਂ ਨੂੰ ਤੰਦਰੁਸਤ ਕਰੇ, ਸਗੋਂ ਓਹ ਓਹਨਾਂ ਨੂੰ ਪਹਿਲਾਂ ਤੋਂ ਹੀ ਆਖੇਗਾ ਕਿ ਬੀਮਾਰੀ ਪੈਦਾ ਹੀ ਨਾਂ ਹੋਵੇ। ਇਸ ਤੋਂ ਭੀ ਅੱਗੇ ਇਕ ਅਜੇਹਾ ਸਮਾਂ ਆਵੇਗਾ ਕਿ ਹਰ ਇਕ ਪੁਰਸ਼ ਆਪ ਹੀ ਆਪਣਾ ਹਕੀਮ ਹੋਵੇਗਾ,(ਅਤੇ ਆਪਣਾ ਇਲਾਜ ਆਪ ਕਰੇਗਾ) ਜਿੰਨਾਂ ਅਸੀ ਆਪਣੇ ਜੀਵਨ ਦੇ ਉੱਚ ਨਿਯਮਾਂ

ਦੇ ਅਨੁਸਾਰ ਜੀਵਨ ਬਤੀਤ ਕਰਾਂਗੇ, ਅਰ ਏਸੇ ਤਰਾਂ ਜਿੰਨਾਂ ਅਸੀ ਮਨ ਅਤੇ ਆਤਮਾਂ ਦੀਆਂ ਤਾਕਤਾਂ ਤੋਂ ਵਧੇਰੇ ਵਾਕਫੀ ਪ੍ਰਾਪਤ ਕਰਾਂਗੇ, ਓਨਾਂ ਅਸੀ ਸਰੀਰ ਵੱਲ ਘੱਟ ਧਿਆਨ ਦੇਵਾਂਗੇ, ਅਰਥਾਤ ਸ਼ਰੀਰ ਦਾ ਸਾਧਾਰਨ ਧਿਆਨ ਰੱਖਣ ਵਿਚ ਤਾਂ ਘਾਟਾ ਨਹੀਂ ਕਰਾਂਗੇ, ਪਰ ਉਸਦਾ ਖਿਆਲ ਘੱਟ ਕਰਾਂਗੇ।

ਅੱਜੋ ਹੀ ਹਜ਼ਾਰਾਂ ਸਰੀਰਾਂ ਦੀ ਹਾਲਤ ਹੱਛੀ ਹੋ ਜਾਵੇ ਜੇ ਓਹਨਾਂ ਦੇ ਮਾਲਕ ਓਹਨਾਂ ਸਰੀਰਾਂ ਦਾ ਜ਼ਿਆਦਾ ਖਿਆਲ ਕਰਨਾਂ ਜਾਂ ਓਹਨਾਂ ਤੇ ਜ਼ਿਆਦਾ ਧਿਆਨ ਦੇਣਾ (ਵਹਿਮ) ਛੋੜ ਦੇਣ। ਇਹ ਨਿਯਮ ਹੈ ਕਿ ਜੋ ਲੋਕ ਆਪਣੇ ਸਰੀਰਾਂ ਦਾ ਘੱਟ ਖਿਆਲ ਕਰਦੇ ਹਨ, ਓਹਨਾਂ ਦੀ ਅਰੋਗਤਾ ਬਹੁਤ ਹੀ ਹੱਛੀ ਰਹਿੰਦੀ ਹੈ। ਬਹੁਤ ਸਾਰੇ ਲੋਕ ਏਸੇ ਕਰਕੇ ਸਦੀਵ ਰੋਗੀ ਰਹਿੰਦੇ ਹਨ ਕਿ ਓਹ ਹੱਦ ਥੋਂ ਵਧਕੇ ਆਪਣੇ ਸਰੀਰਾਂ ਦੀ ਸੋਚ ਅਤੇ ਚਿੰਤਾ ਵਿਚ ਪਏ ਰਹਿੰਦੇ ਹਨ।

ਸਰੀਰ ਨੂੰ ਭੋਜਨ, ਕਸਰਤ, ਤਾਜ਼ੀ (ਸ੍ਵਛ) ਪੌਣ ਅਤੇ ਧੁਪ ਜਿਸਦੀ ਉਸਨੂੰ ਲੋੜ ਹੈ ਦੇਂਦੇ ਰਹੋ, ਅਤੇ ਉਸਨੂੰ ਸਾਫ ਰੱਖੋ ਅਰ ਫੇਰ ਉਸਦਾ ਜਿੱਥੋਂ ਤੱਕ ਹੋ ਸਕੇ ਘੱਟ ਖਿਆਲ ਕਰੋ, ਆਪਣੇ ਖਿਆਲਾਂ ਅਰ ਬੋਲ ਚਾਲ ਤੇ ਨਿੰਮੋ ਝੂਣੇ ਪੱਖ ਤੇ ਜੋਰ ਨਾਂ ਦਿਓ। ਬੀਮਾਰੀ ਅਤੇ ਰੋਗਾਂ ਦਾ ਜ਼ਿਕਰ ਤੱਕ ਨਾਂ ਕਰੋ, ਏਹਨਾਂ ਗੱਲਾਂ ਦੇ ਕਥਨ ਕਰਨ ਤੋਂ ਤੁਸੀ ਆਪਣੇ ਆਪ ਨੂੰ ਨੁਕਸਾਨ ਪੁਚਾਂਦੇ ਹੋ, ਓਹਨਾਂ ਲੋਕਾਂ ਨੂੰ ਭੀ ਜੋ ਤੁਹਾਡੀ ਗੱਲ ਧਿਆਨ ਨਾਲ ਸੁਣਦੇ ਹਨ। ਅਜੇਹੀਆਂ ਗੱਲਾਂ ਕਰੋ ਜਿਨ੍ਹਾਂ ਦੇ ਸੁਣਨ

ਤੋਂ ਲੋਕਾਂ ਦੀ ਹਾਲਤ ਹੱਛੀ ਹੋ ਜਾਵੇ, ਏਸ ਤਰਾਂ ਤੁਸੀ ਓਹਨਾਂ ਵਿਚ ਅਰੋਗਤਾ ਅਤੇ ਪੁਸ਼ਟੀ ਪੈਦਾ ਕਰੋਗੇ, ਨਾਂਕਿ ਕਮਜ਼ੋਰੀ ਅਰ ਬੀਮਾਰੀ ਨੂੰ ?

ਨਿੰਮੋਝੂਨੇ (ਉਤਸ਼ਾਹ ਹੀਣੇ) ਪੱਖ ਤੇ ਡਟੇ ਰੈਹਣਾ ਸਦੀਵ ਹਾਨੀਕਾਰਕ ਹੁੰਦਾ ਹੈ, ਸਰੀਰ ਦੀ ਬਾਬਤ ਭੀ ਏਹ ਪ੍ਰਸ਼ਨ ਅਜਿਹਾ ਹੀ ਠੀਕ ਹੈ ਜਿਹਾ ਕਿ ਹੋਰਨਾਂ ਸਾਰੀਆਂ ਚੀਜ਼ਾਂ ਦੀ ਬਾਬਤ। ਇਕ ਪੁਰਸ਼ ਜਿਸਨੇ ਪੂਰਾ ਪੂਰਾ ਹਕੀਮ ਤੋ ਛੁਟ ਮਨੁਸ਼ ਦੀਆਂ ਅੰਤ੍ਰੀਵ ਤਾਕਤਾਂ ਅਤੇ ਸ਼ਕਤੀਆਂ ਦੀ ਧਿਆਨ ਨਾਲ ਵਿਚਾਰ ਅਤੇ ਪ੍ਰੀਖਿਆ ਕੀਤੀ ਹੈ, ਉਸਦੀ ਹੇਠ ਲਿਖੀ ਬਾਤ ਏਸ ਬਾਰੇ ਵਿਚ ਖਾਸ ਕਰਕੇ ਸਨਮਾਨ ਪੱਤ੍ਰ ਯੋਗ ਹੈ :"ਬੀਮਾਰੀ ਦਾ ਖਿਆਲ ਕਰਦੇ ਰਹਨ ਨਾਲ, ਸਾਨੂੰ ਇਸਤਰਾਂ ਕਦੀ ਭੀ ਅਰੋਗਤਾ ਪ੍ਰਾਪਤ ਨਹੀਂ ਹੋ ਸਕਦੀ, ਜਿਹਾ ਕਿ ਅਪੂਰਨ ਹਾਲਤ ਤੇ ਵਿਚਾਰ ਕਰਨ ਤੋਂ ਅਸੀ ਪੂਰਨ ਦਸ਼ਾ ਨੂੰ ਨਹੀਂ ਪਹੁੰਚ ਸਕਦੇ, ਜਾਂ ਬੇਸੁਰੀ ਹਾਲਤ ਵਿਚ ਰੁੱਝੇ ਰਹਣ ਦੇ ਕਾਰਨ ਕਿਸੇ ਸੁਰ ਦਾ ਰਸ ਨਹੀਂ ਆ ਸਕਦਾ, ਸਾਨੂੰ ਸਦੀਵ ਅਰੋਗਤਾ ਅਤੇ ਇਕਸਾਰਤਾ ਦਾ ਸਭ ਤੋਂ ਉੱਤਮ ਖਿਆਲ (ਆਦਰਸ਼) ਆਪਣੇ ਅੰਤਸ਼ਕਰਨ ਵਿਚ ਕਾਇਮ ਰੱਖਣਾ ਚਾਹੀਏ"।

ਆਪਣੀ ਅਰੋਗਤਾ ਦੀ ਬਾਬਤ ਕੋਈ ਅਜਿਹੀ ਗੱਲ ਮੂੰਹ ਥੀਂ ਨਾਂ ਕੱਢੋ ਜੋ ਤੁਸੀ ਨਹੀਂ ਚਾਹੁੰਦੇ, ਆਪ-ਣੀਆਂ ਬੀਮਾਰੀਆਂ ਤੇ ਜ਼ੋਰ ਨਾਂ ਦਿਓ ਅਤੇ ਓਹਨਾਂ ਦੀਆਂ ਅਲਾਮਤਾਂ ਦਾ ਵਿਚਾਰ ਨਾਂ ਕਰੋ, ਇਸ ਗੱਲ ਦਾ ਆਪਣੇ ਆਪ ਨੂੰ ਕਦਾਚਿੱਤ ਭਰੋਸਾ ਨ ਦੁਆਓ ਕਿ

ਤੁਸੀ ਆਪਣੇ ਆਪ ਤੇ ਪੂਰੇ ਪ੍ਰਬਲ ਨਹੀਂ ਹੋ, ਸਗੋਂ ਪੱਕੇ ਹੋਕੇ ਇਹ ਨਿਸਚਾ ਕਰੋ ਕਿ ਤੁਸੀ ਆਪਣੀਆਂ ਸਰੀਰਕ ਬੀਮਾਰੀਆਂ ਤੋਂ ਪਾਰ ਹੋ ਅਰ ਆਂਪਣੇ ਆਪ ਨੂੰ ਕਿਸੇ ਹੀਣੀ ਤਾਕਤ ਦਾ ਗੁਲਾਮ ਨਾਂ ਸਮਝੋ।

ਮੈਂ ਬਾਲਕਾਂ ਨੂੰ ਸ਼ੁਰੂ ਤੋਂ ਹੀ ਇਹ ਸਿਖਾਣਾ ਚਾਹੁੰਦਾ ਹਾਂ . ਕਿ ਓਹ ਹੱਛੇ ਅਤੇ ਅਰੋਗਤਾ ਦਾਤਾ ਖਿਆਲਾਂ ਦੇ ਸੋਚਨ ਦੀ ਵਾਦੀ ਪਾਣ, ਉੱਚ ਦਰਜੇ ਦੇ ਖਿਆਲ ਪੈਦਾ ਕਰਨੇ ਅਤੇ ਸ਼ੁੱਧ ਪਵਿਤ੍ਰ ਜੀਵਨ ਬਤੀਤ ਕਰਨ ਤੋਂ ਆਪਣੇ ਅਤੇ ਰੋਗ ਦੇ ਮੰਨੂ ਵਿਚ ਇਕ ਰੁਕਾਵਟ ਬਨਾਕੇ ਖਲੀ ਕਰ ਲੈਣ, ਮੈਂ ਓਹਨਾਂ ਨੂੰ ਇਹ ਵਿਦਜਾ ਦੇਣੀ ਚਾਹੁੰਦਾ ਹਾਂ ਕਿ ਓਹ ਮੌਤ ਦੇ ਸਾਰੇ ਖਿਆਲ, ਬੀਮਾਰੀ ਦੀਆਂ ਸਾਰੀਆਂ ਵਿਚਾਰਾਂ, ਸਾਰੀਆਂ ਵਿਰੋਧੀ ਕਾਮਨਾਂ ਯਥਾ ਘ੍ਰਿਣਾਂ, ਬੁਰੀ ਚਿਤਵਨ, ਬਦਲਾ ਲੈਣਾ, ਸਾੜਾ ਅਤੇ ਵਿਸ਼ੇ ਅਭਿਲਾਖਾ ਇਕ ਦਮ ਆਪਣੇ ਅੰਦਰੋਂ ਇਸਤਰਾਂ ਕੱਢ ਦੇਣ, ਜਿਸਤਰਾਂ ਕਿ ਬਰਾਈ ਕਰਨ ਦੀ ਚਾਹ ਨੂੰ ਆਪਣੇ ਚਿੱਤ ਥੀਂ ਕੱਢਨਾ ਚਾਹੁੰਦੇ ਹੋ। ਮੈਂ ਓਹਨਾਂ ਨੂੰ ਇਹ ਸਿਖਾਵਾਂਗਾ ਕਿ ਮੰਦ ਭੋਜਨ, ਗੰਦੇ ਪਾਣੀ ਅਤੇ ਅਸ਼ੁੱਧ ਪੌਣ ਤੋਂ ਲਹੂ ਵਿਗੜ ਜਾਂਦਾ ਹੈ, ਖਰਾਬ ਖੂਨ ਤੋਂ ਸਾਰੀਆਂ ਰਗਾਂ ਤੇ ਰੇਸ਼ੇ ਖਰਾਬ ਹੋ ਜਾਂਦੇ ਹਨ ਅਰ ਮਾਸ ਬਿਗੜ ਜਾਂਦਾ ਹੈ, ਜਿਸਦੇ ਬਿਗੜ ਜਾਨ ਤੋਂ ਆਚਰਨ ਵਿਗੜ ਜਾਂਦਾ ਹੈ, ਸੁੱਛ ਅਤੇ ਅਰੋਗਤਾ ਦਾਤਾ ਖਿਆਲ ਦੇਹ ਅਰੋਗ ਲਈ ਏਨੇਂ ਲੋੜੀਦੇ ਹਨ, ਜਿੰਨੇ ਪਵਿਤ੍ਰ ਖਿਆਲ ਪਵਿਤ੍ਰ ਜੀਵਨ ਵਾਸਤੇ ਜ਼ਰੂਰੀ ਹਨ। ਮੈਂ ਓਹਨਾਂ ਨੂੰ ਦ੍ਰਿੜ੍ਹ ਸੰਕਲਪ ਸ਼ਕਤੀ ਨੂੰ

ਪੈਦਾ ਕਰਨਾ ਸਿਖਾਵਾਂਗਾ ਅਰ ਹਰ ਤਰਾਂ ਨਾਲ ਜੀਵਨ ਦੇ ਵੈਰੀਆਂ ਦਾ ਟਾਕਰਾ ਕਰਨ ਲਈ ਓਹਨਾਂ ਨੂੰ ਲੱਕ ਬੰਨ੍ਹੀਂ ਤਿਆਰ ਰਹਿਣਾ ਚਾਹੀਦਾ ਹੈ । ਰੋਗੀਆਂ ਨੂੰ ਉਚਿੱਤ ਹੈ ਕਿ ਆਸ,ਭਰੋਸਾ ਰੱਖਣ ਅਤੇ ਤਸੱਲੀ ਨਾਲ ਪ੍ਰਸੰਨ ਰਹਿਨ, ਕੇਵਲ ਸਾਡੇ ਵੈਹਮ ਅਤੇ ਖਿਆਲ ਹੀ ਸਾਡੀ ਤ੍ਰਕੀ ਦੀਆਂ ਰੁਕਾਵਟਾਂ ਹਨ । ਇਹ ਕਾਇਦੇ ਦੀ ਗੱਲ ਹੈ ਕਿ ਕੋਈ ਪੁਰਸ਼ ਆਪਣੇ ਭਰੋਸੇ ਤੋਂ ਵਧਕੇ ਸਫਲਤਾ ਜਾਂ ਅਰੋਗਤਾ ਪ੍ਰਾਪਤ ਨਹੀਂ ਕਰ ਸਕਦਾ, ਜੋ ਰੁਕਾਵਟਾਂ ਸਾਨੂੰ ਪੇਸ਼ ਆਉਂਦੀਆਂ ਹਨ ਓਹ ਸਾਡੀਆਂ ਆਪਣੀਆਂ ਹੀ ਪੈਦਾ ਕੀਤੀਆਂ ਹੋਈਆਂ ਹਨ ।

"ਇਸ ਸ੍ਰਿਸ਼ਟੀ ਵਿਚ ਹਮਜਿਨਸ(ਸਮਾਨ)ਚੀਜ਼ਾਂ ਤੋਂ ਹਮਜਿਨਸ ਪੈਦਾ ਹੁੰਦੀਆਂ ਹਨ, ਘ੍ਰਿਣਾਂ ਤੋਂ ਘ੍ਰਿਣਾਂ, ਸਾੜੇ ਤੋਂ ਸਾੜਾ, ਅਪਵਿੱਤ੍ਰਤਾ ਤੋਂ ਅਪਵਿੱਤ੍ਰਤਾ, ਵਿਰੋਧ ਤੋਂ ਵਿਰੋਧ ਅਤੇ ਬਦਲੇ ਤੋਂ ਬਦਲਾ ਪੈਦਾ ਹੁੰਦਾ ਹੈ, ਹਰ ਇਕ ਰੱਦੀ ਖਿਆਲ ਤੋਂ ਰੱਦੀ ਖਿਆਲ ' ਹੋ ਜਾਂਦੇ ਹਨ ਅਤੇ ਇਹੀ ਲੜੀ ਚਲੀ ਜਾਂਦੀ ਹੈ, ਏਥੋਂ ਤਾਈਂ ਕਿ ਏਹਨਾਂ ਦੀ ਹੀ ਅਯੋਗ ਅਤੇ ਨਕੰਮੀ ਪਨੀਰੀ ਤੋਂ ਸੰਸਾਰ ਭਰਪੂਰ ਹੋ ਜਾਂਦਾ ਹੈ,ਹਰ ਇਕ ਬਾਲ ਬੱਚੜ ਦਾਰ ਅਤੇ ਹਰ ਇਕ ਸੱਚਾ ਹਕੀਮ ਆਉਨ ਵਾਲੇ ਸਮੇਂ ਵਿਚ ਸਰੀਰ ਵਿਚ ਦੁਆਈਆਂ ਭਰਨ ਦੀ ਥਾਂ ਅੰਤਸ਼ਕਰਣ ਨੂੰ ਸ੍ਰੇਸ਼ਟ ਅਸੂਲਾਂ ਨਾਲ ਭਰਪੂਰ ਕਰੇਗਾ । ਭਵਿੱਸ਼ਤ ਕਾਲ ਦੀਆਂ ਮਾਵਾਂ ਆਪਣੇ ਬੱਚਿਆਂ ਨੂੰ ਇਹ ਸਿਖਾਨ-ਗੀਆਂ ਕਿ ਗੁੱਸਾ, ਘ੍ਰਿਣਾਂ ਅਤੇ ਈਰਖਾ ਦੇ ਤਾਪ ਨੂੰ ਪਿਆਰ ਦੀ ਦੁਆਈ ਨਾਲ ਜੋ ਇਸ ਸੰਸਾਰ ਦੇ ਸਾਰੇ

ਰੋਗਾਂ ਦਾ ਇਲਾਜ ਹੈ ਦੂਰ ਕਰਨ। ਔਣ ਵਾਲਾ ਸਮਾਂ ਹਕੀਮ ਲੋਕਾਂ ਨੂੰ ਇਸ ਗੱਲ ਦੀ ਸਿਖਜਾ ਦੇਵੇਗਾ ਕਿ ਪ੍ਰਸੰਨ ਚਿੱਤ ਰੱਖਣ, ਹਰ ਇਕ ਦਾ ਭਲਾ ਚਾਹੁਣ ਤੇ ਭਲੇ ਮਾਨਸ ਬਨੇ ਰਹਣ ਵਰਗੇ ਕੰਮ ਕਰਨ ਦੀ ਵਾਦੀ ਪੈਦਾ ਕਰੋ, ਅਰੋਗਤਾ ਕਾਇਮ ਰੱਖਨ ਅਤੇ ਦਿਲ ਨੂੰ ਪੁਸ਼ਟੀ ਦੇਨ ਵਾਸਤੇ ਇਹੀ ਯੋਗ ਬਲਕਾਰੀ ਔਸ਼ਧੀਆਂ ਹਨ,ਅਤੇ ਦਿਲ ਦਾ ਪ੍ਰਸੰਨ ਰੱਖਣਾ ਔਸ਼ਧੀ ਦੀ ਨਿਆਈਂ ਹੀ ਲਾਭਦਾਇਕ ਹੈ।"

ਤੁਹਾਡੇ ਆਤਮਾਂ ਦੀ ਸਲਾਮਤੀ ਅਤੇ ਪਕਿਆਈ ਦੀ ਨਿਆਈਂ ਤੁਹਾਡੇ ਸਰੀਰ ਦੀ ਅਰੋਗਤਾ ਉਸੇ ਭਾਂਤ ਦੀ ਹੋਵੇਗੀ ਜੇਹੀ ਕਿ ਤੁਸਾਡੇ ਮਨ ਦੀ ਸ੍ਵਸਥਾ ਤੇ ਦ੍ਰਿੜ੍ਹਤਾ ਹੈ ਅਰ ਮਨ ਦਾ ਨਿਰਭਰ ਉਸ ਪਰ ਹੁੰਦਾ ਹੈ, ਜਿਸ ਨਾਲ ਤੁਸਾਡਾ ਸੁਤੇ ਸੰਬੰਧ ਹੋਵੇ। ਅਸਾਂ ਮਲੂਮ ਕਰ ਲੀਤਾ ਹੈ ਕਿ ਜੀਵਨ ਦੀ ਉਸ ਅਥਾਹ ਆਤਮਾਂ ਵਿਖੇ ਅਤੇ ਕੁਲ ਜੀਵਾਂ ਦੇ ਉਸ ਭੰਡਾਰ ਵਿਚ ਕਿਸੇ ਤਰਾਂ ਦੀ ਕਮਜ਼ੋਰੀ ਅਤੇ ਬੀਮਾਰੀ ਕੁਦਰਤੋਂ ਹੀ ਦਾਖਲ ਨਹੀਂ ਹੋ ਸਕਦੀ, ਤਾਂਤੇ ਤੁਸੀ ਉਸ ਅਪਾਰ ਜੀਵਨ ਥੀਂ ਆਪਣੀ ਇਕੱਤ੍ਰਤਾ ਹੱਛੀ ਤਰਾਂ ਜਾਣੋਂ ਬੁਝੋ ਅਤੇ ਜਜੋਂ ਕੀ ਤਜੋਂ ਅਨਭਉ ਕਰੋ, ਉਸਨੂੰ ਆਪਣੇ ਅੰਦ੍ਰ ਸੁਤੰਤ੍ਰਤਾ ਤੇ ਬਹੁਲਤਾ ਨਾਲ ਆਉਨ ਦਿਓ, ਬੱਸ ਫੇਰ ਤੁਹਾਨੂੰ ਪੂਰੀ ਪੂਰੀ ਅਤੇ ਨਵੀਂ ਨਰੋਈ ਸਰੀਰਕ ਅਰੋਗਤਾ ਤੇ ਤਾਕਤ ਪ੍ਰਾਪਤ ਹੋ ਜਾਵੇਗੀ।

"ਜਿੱਤੇਗੀ ਭਲਾਈ ਸਦਾ, ਮਾਰਕੇ ਬੁਰਾਈ ਤਾਈਂ,
ਆਨ ਕੇ ਪਧਾਰੂ ਸੁਖ, ਜਿੱਥੇ ਦੁਖ ਆਇਆ ਹੈ।

"ਨਰ ਜੇਹੀ ਭਾਂਤ ਚਿਤੇ, ਤਿਤੇ ਭਾਂਤ ਹੋਇ ਓਹ"
ਅਟਲ ਸਿਧਾਂਤ ਏਹ, ਬੁਧ ਜਨੋਂ ਗਾਇਆ ਹੈ।
ਉਠੋ ਤਦ ਮਿੱਤ੍ਰ ਨ ਦੇਰ ਕੋ ਲਗਾਓ ਮੂਲ,
ਭੂਲ ਭਰਮ ਟਾਰਿ–ਕਰਤਾਰ ਜੋ ਅਲਾਇਆ ਹੈ।
ਆਪ ਅਹਿ "ਆਪ ਕੋ" ਚਿਤਾਰੋ ਲਗਾਤਾਰ,
ਇਕ ਸਾਰ ਇਕ ਮਿਕ, ਸੂਜੰ ਵਾਹਗੁਰੂ ਧਿਆਇਆ ਹੈ।"

"ਅਰਥਾਤ ਨੇਕੀ ਸਦੀਵ ਬਦੀ ਤੇ ਪ੍ਰਬਲ ਹੋਸਕਦੀ ਹੈ, ਅਰੋਗਤਾ ਰੋਗ ਨੂੰ ਮਧੋਲ ਸਕਦੀ ਹੈ, ਕਿਉਂਕਿ ਮਨੁਸ਼ ਜਿਹਾ ਖਿਆਲ ਕਰਦਾ ਹੈ ਉਜਿਹਾ ਹੀ ਹੋ ਜਾਂਦਾ ਹੈ, ਏਸ ਵਾਸਤੇ ਉੱਠੋ (ਹੋਸ਼ ਵਿਚ ਆਓ) ਅਤੇ ਪਰਮਾਤਮਾਂ ਨੂੰ ਆਪਣੇ ਨਾਲ ਅਭੇਦ ਹੋਯਾ ਚਿਤਵੋ।" ਏਸ ਸਾਰੀ ਗੱਲ ਦਾ ਸੰਖਿਪਤ ਭਾਵ ਇਸ ਇਕ ਵਾਕ ਵਿਖੇ ਆ ਸਕਦਾ ਹੈ, "ਪਰਮਾਤਮਾਂ ਭਲਾ ਤੇ ਨਿਰਮਲ ਹੈ ਅਤੇ ਓਸੇ ਦਾ ਅੰਸ਼ ਹੀ ਤੁਸੀ ਹੋ" ਤੁਹਾਨੂੰ ਆਪਣੇ ਅਸਲੀ ਜੀਵਨ ਤੋਂ ਵਾਕਫੀ ਪੈਦਾ ਕਰਨੀ ਉਚਿੱਤ ਹੈ। ਜਦ ਤੁਹਾਨੂੰ ਇਹ ਗਿਆਨ ਹੋ ਜਾਏਗਾ ਤਾਂ ਤੁਸੀ ਮਲੂਮ ਕਰੋਗੇ ਕਿ ਤੁਹਾਨੂੰ ਇਸ ਗੱਲ ਦੇ ਜਾਚਨ ਦਾ ਬਲ ਹੋ ਗਿਆ ਹੈ ਕਿ ਕੇਹੜੀਆਂ ਸੂਰਤਾਂ ਜਾਂ ਹਾਲਤਾਂ ਤੁਹਾਡੇ ਸਰੀਰ ਵਿਚ ਅਫਗਾਊਂ ਆਨ ਬਜਾਪਦੀਆਂ ਹਨ, ਤੁਹਾਨੂੰ ਅਪਾਰ ਕਰਤਾਰ ਦੀ ਆਤਮਾਂ ਨਾਲ ਆਪਣੀ ਏਕਤਾ ਸਮਝਣੀ ਤੇ ਪਛਾਣਨੀ ਚਾਹੀਦੀ ਹੈ। ਬੱਸ ਫੇਰ ਈਸ਼੍ਵਰ ਦੀ ਰਜ਼ਾ ਤੁਹਾਡੀ ਰਜ਼ਾ ਹੈ, ਤੁਹਾਡੀ ਮਰਜ਼ੀ ਰੱਬੀ ਮਰਜ਼ੀ ਹੈ, "ਈਸ਼੍ਵਰ ਵਿਖੇ ਸਭ ਕੁਝ ਸੰਭਵ ਹੈ (ਅਸੰਭਵ ਕੁਝ ਨਹੀਂ)" ਜਦੋਂ ਅਸੀ ਇਸ ਏਕਤਾ ਨੂੰ ਸਮਝਕੇ ਉਸ ਵਿਚ ਲਗਾਤਾਰ

ਜੀਵਨ ਬਤੀਤ ਕਰਨ ਤੋਂ ਵੱਖਰਾ ਹੋਣ ਦੇ ਖਿਆਲ ਨੂੰ ਕਤੱਈ ਤੌਰ ਤੇ ਦੂਰ ਕਰਨ ਦੇ ਲਾਇਕ ਹੋਈਏ, ਤਾਂ ਸਾਡੀਆਂ ਸਰੀਰਕ ਬੀਮਾਰੀਆਂ ਅਤੇ ਕਮਜ਼ੋਰੀਆਂ ਹੀ ਕੇਵਲ ਦੂਰ ਨਹੀਂ ਹੋਣਗੀਆਂ, ਸਗੋਂ ਹਰ ਪਾਸਿਓਂ ਹਰ ਤਰਾਂ ਦੀਆਂ ਕੈਦਾਂ (ਰੁਕਾਵਟਾਂ) ਭੀ ਜਾਂਦੀਆਂ ਰਹਿਣ-ਗੀਆਂ। ਇਸ ਵਾਸਤੇ ਉਚਿੱਤ ਹੈ ਕਿ ਪ੍ਰਮਾਤਮਾਂ ਵਿਖੇ ਮਗਨ ਹੋਕੇ ਪਰਮ ਅਨੰਦ ਪ੍ਰਾਪਤ ਕਰੋ ਅਰ ਓਹ ਤੁਹਾਡੇ ਸਾਰੇ ਮਨੋਰਥ ਸਿੱਧ ਕਰੇਗਾ। ਫੇਰ ਤੁਹਾਡੇ ਅੰਦ੍ਰੋਂ ਸਦੀਵ ਇਹ ਅਵਾਜ਼ ਆਯਾ ਕਰੇਗੀ, ਕਿ :"ਮੇਰੇ ਭਾਗ ਵਿਚ ਸਭਨੀਂ ਥਾਈਂ ਖੁਸ਼ੀ ਹੀ ਖੁਸ਼ੀ ਆਈ ਹੈ ਅਤੇ ਅਮੋਲਕ ਜਾਇਦਾਦ ਮੈਨੂੰ ਮਿਲੀ ਹੈ।" ਆਪਣੇ ਦਿਲ ਤੋਂ ਇਹ ਵਿਸਵਾਸ ਦੂਰ ਕਰ ਦਿਓ ਕਿ ਹੱਛੇ ਵਾਕਿਆਤ ਅਤੇ ਹੱਛੀਆਂ ਚੀਜ਼ਾਂ ਤੁਹਾਨੂੰ ਭਵਿੱਖਤ ਵਿਖੇ ਪ੍ਰਾਪਤ ਹੋਣ-ਗੀਆਂ, ਹੁਣੇ ਹੀ ਅਸਲੀ ਜੀਵਨ ਵਿਖੇ ਦਾਖਲ ਹੋ ਜਾਓ ਅਤੇ ਦਾਖਲ ਹੋਕੇ ਓਹਨਾਂ ਚੀਜ਼ਾਂ ਅਤੇ ਵਾਕਿਆਤ ਤੇ ਹੁਣੇ ਹੀ ਕਬਜ਼ਾ ਕਰ ਲਵੋ ਅਤੇ ਓਹਨਾਂ ਤੇ ਹੱਛੀ ਤਰਾਂ ਪ੍ਰਬਲ ਹੋ ਜਾਓ ਅਤੇ ਯਾਦ ਰੱਖੋ ਕਿ ਤੁਹਾਡੇ ਜਿਹੀ ਜਾਇਦਾਦ ਦੇ ਮਾਲਕ ਵਾਸਤੇ ਅਰ ਪਾਤਸ਼ਾਹੀ ਗੁਜ਼ਾਰੇ ਦੇ ਮਾਲਕ ਲਈ ਹੱਛੀਆਂ ਤੋਂ ਹੱਛੀਆਂ ਚੀਜ਼ਾਂ ਹੀ ਕਾਫੀ ਹੋ ਸਕਦੀਆਂ ਹਨ, ਸਾਧਾਰਨ ਅਤੇ ਨੀਵੇਂ ਦਰਜੇ ਦੀਆਂ ਕਦਾਚਿੱਤ ਨਹੀਂ ਹੋ ਸਕਦੀਆਂ।

ਥੱਕ ਸੁਆਹ ਖਰੀਦਦੇ, ਰੋਟੀ ਦੀ ਥਾਵੇਂ।
ਤਿਲਛਟ ਬਹੁਰਿ ਸ਼ਰਾਬ ਦੀ, ਪਾਣੀ ਦੇ ਸਾਵੇਂ।
ਹੇ ਰੱਬਾ! ਹੁਣ ਬਖਸ਼ ਮੁਝ, ਸੋ ਸੱਚ ਪਦਾਰਥ।

ਪਾਤ ਅੰਗੂਰੀ ਗੱਛਿਆਂ ਝੁਕ ਡਾਲ ਸਿੰਗਾਰਿਤ।
ਵਿਚ ਚੰਦਾਲਿ ਪਹਾੜੀਆਂ, ਜੋ ਸੁਰਗ ਸੰਬੰਧੀਂ।
ਕਰਖ ਬਸੰਤੀ ਤ੍ਰੇਲ ਸਦ ਛਮ ਛਮ ਬਰਸੰਦੀ।
ਅੰਮ੍ਰਿਤ ਮੁਝ ਰੁਚਤਾ ਰਹੇ, ਬਿਖਜਨ ਰਸ ਨਾਹੀਂ।
ਪਲਟ ਸੁਭਾਵਿ ਸੁਭਾਵ ਮੁਝ, ਦੁਬਿਧਾਹਿ ਬਿਨਾਹੀ।

੫. ਪ੍ਰੇਮ ਦਾ ਭੇਦ, ਬਲ ਅਤੇ ਫਲ।

"ਸਭ ਵਿਚ ਇਕੋ ਇਕ ਵਿਚ ਸੱਭੋ ਵੈਰ ਗੁਆ।
ਸਭ ਤੇਰੇ ਤੂੰ ਸਭਸ ਦਾ ਦੂਈ ਭਰਮ ਚੁਕਾ।"

ਇਹ ਅਪਾਰ ਪ੍ਰੇਮ ਦੀ ਜਾਨ ਹੈ, ਜਿਸ ਘੜੀ ਕਿ ਅਸੀ ਇਸ ਨਾਲ ਆਪਣਾ ਸੰਬੰਧ ਪਛਾਨ ਲੈਂਦੇ ਹਾਂ, ਅਸਾਡੇ ਵਿਚ ਏਨੀਂ ਮੁਹੱਬਤ ਭਰ ਜਾਂਦੀ ਹੈ ਕਿ ਸਾਰੀਆਂ ਚੀਜ਼ਾਂ ਵਿਚ ਨੇਕੀ ਹੀ ਨੇਕੀ ਵੇਖਨ ਲੱਗ ਪੈਂਦੇ ਹਾਂ, ਅਤੇ ਜਦੋਂ ਇਹ ਗੱਲ ਹੱਛੀ ਤਰਾਂ ਅਨਭਉ ਕਰ ਲੈਂਦੇ ਹਾਂ ਕਿ ਅਸੀ ਅਤੇ ਇਹ ਅਪਾਰ ਆਤਮਾਂ ਦੋਵੇਂ ਇਕ ਹੀ ਹਾਂ, ਤਦੋਂ ਇਹ ਭੀ ਜਾਣ ਲੈਂਦੇ ਹਾਂ ਕਿ ਇਕ ਤਰਾਂ ਨਾਲ ਅਸੀ ਸਾਰੇ ਆਪੋ ਵਿਚ ਇਕ ਹੀ ਹਾਂ। ਜਦੋਂ ਅਸੀ ਏਸ ਗੱਲ ਨੂੰ ਪਛਾਨ ਲੈਂਦੇ ਹਾਂ ਤਦੋਂ ਅਸੀ ਕਿਸੇ ਪੁਰਸ਼ ਜਾਂ ਕਿਸੇ ਚੀਜ਼ ਨੂੰ ਨੁਕਸਾਨ ਨਹੀਂ ਪੁਚਾ ਸਕਦੇ, ਅਸੀ ਮਲੂਮ ਕਰਦੇ ਹਾਂ ਕਿ ਅਸੀ ਇਕ ਮਹਾਨ ਸਰੀਰ ਦੇ ਸਾਰੇ ਅੰਗ ਹਾਂ, ਅਤੇ ਜੇ ਅਸੀ ਇਸ ਸਰੀਰ ਦੇ ਕਿਸੇ ਇਕ ਅੰਗ ਨੂੰ ਭੀ ਹਾਨੀ ਪੁਚਾਵਾਂਗੇ ਤਾਂ ਉਸਤੋਂ ਬਾਕੀ

ਅੰਗਾਂ ਨੂੰ ਜ਼ਰੂਰ ਹੀ ਹਾਨੀ ਪੁਜੇਗੀ, (ਕਜੋਂਕਿ ਇਹ ਹੋ ਨਹੀਂ ਸਕਦਾ ਕਿ ਇਕ ਅੰਗ ਨੂੰ ਨੁਕਸਾਨ ਪਹੁੰਚੇ ਅਤੇ ਬਾਕੀ ਦਿਆਂ ਨੂੰ ਨਾਂ ਪਹੁੰਚੇ)।

ਜਦੋਂ ਅਸੀ ਇਹ ਗੱਲ ਪੂਰਨ ਰੀਤੀ ਨਾਲ ਅਨ-ਭਉ ਕਰ ਲੈਂਦੇ ਹਾਂ ਕਿ ਸਾਰੇ ਜੀਵਾਂ ਦਾ ਮੁੱਢ ਇਕ ਹੈ, ਅਰਥਾਤ ਇਹ ਸਾਰੇ ਪ੍ਰਾਣੀ ਉਸ ਇਕ ਅਕਾਲ ਪੁਰਖ ਦੇ ਸਾਂਝੀਵਾਲ ਹਨ, ਅਰ ਏਸ ਵਾਸਤੇ ਓਹੀ ਅਪਾਰ ਜੀਵਨ ਹਰ ਇਕ ਜੀਵ ਮਾਤਰ ਵਿਖੇ ਮੌਜੂਦ ਹੈ, ਤਦੋਂ ਸਰਬ ਪੱਖਪਾਤ ਅਤੇ ਘ੍ਰਿਣਾ ਦੂਰ ਹੋ ਜਾਂਦੀਆਂ ਹਨ, ਮੁਹੱਬਤ ਵਧਦੀ ਜਾਂਦੀ ਹੈ, ਅਤੇ ਪੂਰਨਤਾ ਤੇ ਪੁਜ ਜਾਂਦੀ ਹੈ। ਫੇਰ ਜਿੱਥੇ ਕਿਧਰੇ ਅਸੀ ਜਾਈਏ ਅਰ ਜਦੋਂ ਕਦੀ ਆਪਣੇ ਵਰਗਿਆਂ ਨਾਲ ਮਿਲੀਏ ਤਾਂ ਅਸੀ ਪਛਾਣ ਸਕਦੇ ਹਾਂ ਕਿ ਇਸਦੇ ਅੰਦਰ ਈਸ਼ਵਰ ਹੈ, ਅਰ ਇਸ ਤਰਾਂ ਨਾਲ ਅਸੀ ਕੇਵਲ ਨੇਕੀ ਦੀ ਭਾਲ ਕਰਦੇ ਹਾਂ, ਅਤੇ ਉਸਨੂੰ ਪ੍ਰਾਪਤ ਕਰ ਲੈਂਦੇ ਹਾਂ, ਉਸ ਤੋਂ ਸਾਨੂੰ ਸਦੀਵ ਲਾਭ ਰਹਿੰਦਾ ਹੈ।

"ਜਿਸ ਪੁਰਸ਼ ਨੇ ਤਲਵਾਰ ਸੰਭਾਲੀ ਹੈ ਓਹ ਤਲਵਾਰ ਨਾਲ ਹੀ ਮਰੇਗਾ।" ਏਸ ਵਡੇ ਪ੍ਰਸ਼ਨ ਵਿਚ ਵੱਡੀ ਡੂੰਘੀ ਵਿੱਦਜਕ ਸਚਾਈ ਟਿਕੀ ਹੋਈ ਹੈ। ਜਦੋਂ ਹੀ ਅਸੀ ਖਿਆਲ ਦੀਆਂ ਸ਼ਕਤੀਆਂ ਦੀਆਂ ਸੂਖਮ ਤਾਕਤਾਂ ਨੂੰ ਸਮਝਣ ਲਗਦੇ ਹਾਂ, ਅਸੀ ਝੱਟ ਵੇਖ ਸਕਦੇ ਹਾਂ ਕਿ ਜਦੋਂ ਅਸੀ ਦੂਜੇ ਪੁਰਸ਼ ਦੀ ਬਾਬਤ ਘ੍ਰਿਣਾਂ ਦੇ ਖਿਆਲ ਆਪਣੇ ਦਿਲ ਵਿਚ ਪੈਦਾ ਕਰਾਂਗੇ ਤਾਂ ਉਸ ਉੱਤੇ ਭੀ ਸਾਡੀਆਂ ਓਨਾਂ ਸ਼ੈਤਾਨੀ ਸ਼ਕਤੀਆਂ ਦਾ ਅਸਰ

ਹੋ ਜਾਂਦਾ ਹੈ, ਅਤੇ ਓਹੀ ਘ੍ਰਿਣਾਂ ਨਾਲ ਪੂਰਤ ਖਿਆਲ ਇਸ ਪੁਰਸ਼ ਵਿਚ ਪੈਦਾ ਹੋ ਜਾਂਦੇਹਨ, ਜੇਹੜੇ ਕਿ ਉਲਟਕੇ ਫੇਰ ਸਾਡੇ ਵੱਲ ਆ ਜਾਂਦੇ ਹਨ। ਤਾਂਤੇ ਜਦੋਂ ਅਸੀ ਇਹ ਸਮਝਦੇ ਹਾਂ ਕਿ ਕਿਸੇ ਜਜ਼ਬੇ ਅਰਥਾਤ ਕਾਮ ਜਾਂ ਕ੍ਰੋਧ ਅਥਵਾ ਘ੍ਰਿਣਾਂ ਦਾ ਅਸਰ ਸਥੂਲ ਸਰੀਰ ਤੇ ਭੀ ਹੁੰਦਾ ਹੈ, ਤਾਂ ਅਸੀ ਮਲੂਮ ਕਰ ਸਕਦੇ ਹਾਂ ਕਿ ਇਹ ਗੱਲ ਸਾਡੇ ਵਾਸਤੇ ਕਿੰਨੀਕੁ ਹਾਨੀਕਾਰਕ ਅਤੇ ਭਾਰੂ ਹੈ। ਏਸੇ ਤਰਾਂ ਹੀ ਸਾਰੇ ਅਜੀਵ ਖਿਆਲਾਂ ਜਾਂ ਜਜ਼ਬਿਆਂ ਬਾਬਤ ਤੇ ਐਬ ਢੂੰਡਨੇ ਜਾਂ ਨੁਕਤਾਚੀਨੀ, ਈਰਖਾ, ਸਾੜਾ, ਘ੍ਰਿਣਾਂ ਆਦਿ (ਇਨ੍ਹਾਂ) ਸਾਰਿਆਂ ਦੇ ਬਾਰੇ ਵਿਚ ਇਹ ਗੱਲ ਠੀਕ ਹੈ। ਅੰਤ ਵਿਖੇ ਅਸੀ ਮਲੂਮ ਕਰਾਂਗੇ ਕਿ ਦੂਜੇ ਪੁਰਸ਼ ਦੀ ਬਾਬਤ ਏਸਤਰਾਂ ਦੇ ਖਿਆਲ ਦਿਲ ਵਿਚ ਰੱਖਣ ਤੋਂ ਸਾਨੂੰ ਸਦੀਵ ਉਸ ਦੂਜੇ ਪੁਰਸ਼ ਕੋਲੋਂ ਵਧੇਰੇ ਨੁਕਸਾਨ ਪਹੁੰਚਦਾ ਹੈ।

ਜਦੋਂ ਅਸੀ ਏਸ ਗੱਲ ਨੂੰ ਹੱਛੀ ਤਰਾਂ ਸਮਝ ਲੈਂਦੇ ਹਾਂ ਕਿ ਸਾਰੀ ਅਗਜਾਨਤਾ, ਗੁਨਾਹ ਅਤੇ ਅਪਾਧਾਂ ਦਾ ਅਸਲ (ਮੁੱਢ) ਖੁਦਗਰਜ਼ੀ (ਸ੍ਵਾਰਥ) ਹੈ, ਅਤੇ ਸਾਰੀ ਖੁਦਗਰਜ਼ੀ ਦੀ ਜੜ੍ਹ ਓਹ ਮੂਰਖਤਾ ਹੈ ਤਾਂ ਅਸੀ ਸਾਰੇ ਲੋਕਾਂ ਦੇ ਕੰਮਾਂ ਨੂੰ ਕਿਸ (ਅਚਰਜ) ਪਿਆਰ ਦੀ ਨਜ਼ਰ ਨਾਲ ਵੇਖਣ ਲਗਦੇ ਹਾਂ। ਮੂਰਖ ਆਪਣੇ ਭਾਵ ਨੂੰ ਸਿੱਧ ਕਰਨ ਵਾਸਤੇ ਸਾਰੀ ਸ੍ਰਿਸ਼ਟੀ ਨੂੰ ਭਾਰੇ ਨੁਕਸਾਨ ਪੁਚਾਣ ਤੋਂ ਦਰੇਗ ਨਹੀਂ ਕਰਦਾ, ਅਰ ਏਸ ਵਾਸਤੇ ਮੂਰਖ ਹੀ ਖੁਦਗ਼ਰਜ਼ ਹੈ। ਜੋ ਪੁਰਸ਼ ਸੱਚ ਮੁਚ ਅਕਲ ਮੰਦ ਹੈ ਓਹ ਕਦੇ ਭੀ ਖੁਦਗਰਜ਼ ਨਹੀਂ ਹੁੰਦਾ, ਕਿਉਂਕਿ ਇਹ

ਅੱਖਾਂ ਵਾਲਾ ਹੈ ਅਤੇ ਏਸ ਗੱਲ ਨੂੰ ਜਾਨਦਾ ਹੈ ਕਿ ਮੈਂ ਇਕ ਵਡੇ ਸਾਰੇ ਸਰੀਰ ਦਾ ਇਕ ਮਾਤ੍ਰ ਅੰਗ ਹਾਂ, ਏਸ ਵਾਸਤੇ ਸਾਰੇ ਸਰੀਰ ਨੂੰ ਲਾਭ ਪੁੱਜਨ ਤੋਂ ਹੀ ਮੈਨੂੰ ਲਾਭ ਪਹੁੰਚ ਸਕਦਾ ਹੈ, ਸੋ ਇਸੇ ਲਈ ਓਹ ਖਾਸ ਆਪਣੇ ਵਾਸਤੇ ਕੋਈ ਅਜਿਹੀ ਗੱਲ ਨਹੀਂ ਚਾਹੁੰਦਾ ਜਿਸਨੂੰ ਕਿ ਓਹ ਇਕਸਾਰ ਸਾਰੇ ਜੀਵ ਮਾਤ੍ਰਾਂ ਲਈ ਨਾਂ ਚਾਹੁੰਦਾ ਹੋਵੇ।

ਜੇ ਸਭ ਭਾਂਤ ਦੇ ਭੁਲੇਖੇ ਪਾਪ ਅਤੇ ਅਪ੍ਰਾਧਾਂ ਦਾ ਮੁੱਢ ਖ਼ੁਦਗਰਜ਼ੀ ਹੈ ਅਰ ਖ਼ੁਦਗਰਜ਼ੀ ਦੀ ਜੜ੍ਹ ਸਾਰੀ ਮੂਰਖਤਾ ਹੈ, ਤਾਂ ਫੇਰ ਜਦੋਂ ਅਸੀ ਏਹਨਾਂ ਦੋਹਾਂ ਵਿਚੋਂ ਕਿਸੇ ਇਕ ਗੁਣ ਦਾ ਪ੍ਰਕਾਸ਼ ਵੇਖਦੇ ਹਾਂ, ਤਾਂ ਜੇਕਰ ਅਸੀ ਆਪਣੇ ਅੰਦਰ ਉੱਚੇ ਸੁੱਚੇ ਹੋਈਏ ਤਾਂ ਹਰ ਇਕ ਤੋਂ ਜਿਸ ਨਾਲ ਸਾਡਾ ਮੇਲ ਹੋਵੇ ਨੇਕੀ ਦੀ ਆਸ ਰੱਖਾਂਗੇ ਅਤੇ ਨੇਕੀ ਦੀ ਹੀ ਭਾਲ ਵਿਚ ਰਹਾਂਗੇ। ਜਦੋਂ ਰੱਬ (ਆਤਮਾਂ) ਰੱਬ (ਪਰਮਾਤਮਾਂ) ਨਾਲ ਬਾਤਚੀਤ ਕਰਦਾ ਹੈ ਤਾਂ ਆਪ ਹੀ ਉੱਤਰ ਦੇਂਦਾ ਹੈ ਅਤੇ ਰੱਬ ਰੂਪ ਹੀ ਪ੍ਰਗਟ ਹੁੰਦਾ ਹੈ, ਪਰ ਜਦੋਂ ਸ਼ੈਤਾਨ ਸ਼ੈਤਾਨ ਨਾਲ ਗੱਲਾਂ ਕਰੇ ਤਾਂ ਸ਼ੈਤਾਨ ਹੀ ਉੱਤਰ ਦੇਂਦਾ ਹੈ ਅਤੇ ਸ਼ੈਤਾਨ ਨੂੰ ਸਦਾ ਹਾਨੀ ਪਹੁੰਚਦੀ ਹੈ।

ਮੈਂ ਬਹੁਤਵੇਲੇ ਇਕ ਪੁਰਸ਼ ਨੂੰ ਇਹ ਆਖਦਿਆਂ ਸੁਣਦਾ ਹਾਂ ਕਿ :"ਮੈਂ ਇਸ ਪੁਰਸ਼ ਵਿਚ ਕੋਈ ਨੇਕੀ (ਭਲਆਈ) ਨਹੀਂ ਵੇਖਦਾ" ਕੀ ਤੁਸੀ ਕੋਈ ਭਲਿਆਈ ਨਹੀਂ ਵੇਖਦੇ ? ਏਸ ਸੂਰਤ ਵਿਚ ਤੁਹਾਡੀਆਂ ਅੱਖੀਆਂ ਨਹੀਂ ਹਨ, ਜ਼ਰਾ ਗਹੁ ਨਾਲ ਵੇਖੋ ਅਤੇ ਡੂੰਘੀ ਸੋਚ ਕਰੋ ਤਾਂ ਤੁਹਾਨੂੰ ਹਰ ਇਕ ਮਾਨੁਖੀ ਆਤਮਾਂ ਵਿਖੇ ਠੀਕ ਹੀ

ਵਾਹਿਗੁਰੂ ਪ੍ਰਤੀਤ ਹੋਵੇਗਾ। ਪਰ ਯਾਦ ਰਹੇ ਕਿ ਖ਼ੁਦਾ ਨੂੰ ਪਛਾਨਨ ਲਈ ਖ਼ੁਦ ਖ਼ੁਦਾ ਦੀ ਹੀ ਲੋੜ ਹੁੰਦੀ ਹੈ। ਮਹਾਂ ਪੁਰਸ਼ ਸਦੀਵ ਮਨੁਖਾਂ ਦੇ ਆਪਣੇ ਅੰਦਰ ਹੀ ਪਰਮ ਉੱਚੇ, ਸੱਚੇ ਤੇ ਮਹਾਨ ਸ੍ਰੇਸ਼੍ਟ ਤੱਤ੍ਵ ਦਾ ਉਪਦੇਸ਼ ਕਰਿਆ ਕਰਦੇ ਸਨ, ਉਹ ਹਰ ਇਕ ਮਨੁਸ਼ ਦੇ ਅੰਦਰ ਖ਼ੁਦਾ ਨੂੰ ਜਾਣਦੇ ਸਨ ਅਤੇ ਪਛਾਨਦੇ ਸਨ, ਕਿਉਂਕਿ ਓਹਨਾਂ ਨੇ ਪੈਹਲਾਂ ਆਪ ਉਸਨੂੰ ਆਪਣੇ ਅੰਦਰ ਅਨਭਵ ਕੀਤਾ ਸੀ। ਓਹ ਵਿਆਜ ਖਾਨ ਵਾਲਿਆਂ ਅਤੇ ਪਾਪੀਆਂ ਨਾਲ ਭੋਜਨ ਖਾਇਆ ਕਰਦੇ ਸਨ, ਕਾਨੂਨ ਦੀ ਵਿਆਖਿਆ ਕਰਨ ਵਾਲੇ ਅਤੇ ਉਸਦੇ ਪੈਰੋਕਾਰ ਫ਼ਿਰਸੀ ਆਦਕ ਇਸ ਗੱਲ ਨੂੰ ਬੁਰੀ ਆਖਿਆ ਕਰਦੇ ਸਨ । ਓਹ ਆਪਣੀ ਹੀ ਅਪਣੱਤਤਾ, ਖ਼ੁਦਗਰਜ਼ੀ ਅਤੇ ਮੂਰਖਤਾ ਵਿਖੇ ਏਨੇਂ ਗਰਕ ਸਨ ਕਿ ਓਨਾਂ ਨੇ ਖ਼ੁਦਾ(ਰੱਬ)ਨੂੰ ਆਪਣੇ ਅੰਦਰ ਕਦੀ ਮਲੂਮ ਹੀ ਨਹੀਂ ਕੀਤਾ ਸੀ ਅਰ ਏਸੇ ਕਰਕੇ ਇਹ ਗੱਲ ਓਹਨਾਂ ਨੂੰ ਸੁਪਨੇ ਵਿਚ ਭੀ ਨਹੀਂ ਆਈ ਕਿ ਵਿਆਜ ਖਾਨ ਵਾਲਿਆਂ ਅਤੇ ਪਾਪੀਆਂ ਨੂੰ ਭੀ ਸੱਚਾ ਤੇ ਪਵਿਤ੍ਰ ਜੀਵਨ ਪ੍ਰਾਪਤ ਹੋਇਆ ਕਰਦਾ ਹੈ।

ਜਿਨਾ ਅਸੀ ਕਿਸੇ ਪੁਰਸ਼ ਨੂੰ ਇਹ ਆਖਦੇ ਰਹਿੰਦੇ ਹਾਂ ਕਿ ਓਹ ਬੁਰਿਆਈ ਜਾਂ ਅਵਿਦ੍ਯਾ ਵਿਖੇ ਫਸਿਆ ਹੋਇਆ ਹੈ, ਓਨਾਂ ਹੀ ਅਸੀ ਉਸਦੇ ਅੰਦਰ ਬੁਰਿਆਈ ਅਤੇ ਭੁਲੇਖੇ ਦੇ ਖਿਆਲ ਪੈਦਾ ਕਰਦੇ ਹਾਂ, ਜਿਨਾ ਓਹ ਆਪਣੇ ਆਪ ਨੂੰ ਹੱਛੀ ਤਰਾਂ ਆਪਣੀਆਂ ਅੰਤ੍ਰੀਵ ਤਾਕਤਾਂ ਦਾ ਅਨੁਸਾਰੀ ਨਹੀਂ ਬਨਾਉਂਦਾ, ਓਨਾਂ

ਹੀ ਓਹ ਹੋਰਨਾਂ ਲੋਕਾਂ ਦੇ ਖਿਆਲ ਦੀਆਂ ਤਾਕਤਾਂ ਦੇ ਵੱਸ ਵਿਚ ਹੋਵੇਗਾ ਅਤੇ ਓਹਨਾਂ ਦੇ ਖਿਆਲ ਦਾ ਉਸ਼ ਉੱਤੇ ਬੜਾ ਅਸਰ ਹੋਵੇਗਾ, ਅਤੇ ਇੰਸਤਰਾਂ ਨਾਲ ਅਸੀ ਦੂਜੇ ਨੂੰ ਬੁਰਾ ਖਿਆਲ ਕਰਕੇ ਉਸਨੂੰ ਬੁਰਿਆਈ ਦਾ ਲਾਲਚ ਦੁਆਂਦੇ ਹਾਂ ਅਰ ਮਾਨੋਂ ਅਸੀ ਆਪ ਬੁਰਿਆਈ ਕਰਨ ਵਿਚ ਸ਼ਾਮਲ ਹੁੰਦੇ ਹਾਂ। ਇਸੇ ਤਰਾਂ ਜਦੋਂ ਅਸੀ ਕਿਸੇ ਪੁਰਸ਼ ਨੂੰ ਇਹ ਖਿਆਲ ਦੁਆਉਂਦੇ ਹਾਂ ਕਿ ਓਹ ਸਚਾਈ, ਨੇਕੀ ਅਤੇ ਸ਼ੁਭ ਮਾਰਗ ਤੇ ਹੈ, ਤਦੋਂ ਅਸੀ ਉਸਦੇ ਦਿਲ ਵਿਚ ਸ਼ੁਭ ਮਾਰਗ ਤੇ ਚੱਲਣ ਨੇਕੀ ਅਤੇ ਸਚਾਈ ਦੇ ਖਿਆਲ ਪੈਦਾ ਕਰਦੇ ਹਾਂ ਅਰ ਇਸ ਢੰਗ ਨਾਲ ਅਸੀ ਉਸਦੇ ਜੀਵਨ ਅਤੇ ਚਾਲ ਚਲਨ ਤੇ ਅਤੀ ਹੀ ਹੱਛੇ ਅਸਰ ਪੈਦਾ ਕਰਦੇ ਹਾਂ। ਜੇ ਅਸੀ ਆਪਣੇ ਮਿਲਣ ਵਾਲੇ ਲੋਕਾਂ ਨਾਲ ਪਿਆਰ ਅਤੇ ਪ੍ਰੇਮ ਨਾਲ ਵਰਤਾਉ ਕਰੀਏ, ਤਾਂ ਅਸੀ ਓਹਨਾਂ ਦੇ ਅੰਦਰ ਪਿਆਰ ਨੂੰ ਉਭਾਰਦੇ ਹਾਂ ਅਤੇ ਓਹ ਭੀ ਸਾਡੇ ਨਾਲ ਓਨੀਂ ਹੀ ਸਰਗਰਮੀ ਨਾਲ ਜੋਸ਼ ਭਰੀ ਅਰ ਪਵਿਤ੍ਰ ਪ੍ਰੀਤੀ ਕਰਨ ਲੱਗਦੇ ਹਨ :"ਜੇ ਤੁਸੀ ਚਾਹੁੰਦੇ ਹੋ ਕਿ ਸਾਰੀ ਸ੍ਰਿਸ਼ਟੀ ਤੁਹਾਡੇ ਨਾਲ ਪਿਆਰ ਕਰੇ, ਤਾਂ ਇਹ ਉਚਿੱਤ ਹੈ ਕਿ ਤੁਸੀ ਪੈਹਲਾਂ ਸਾਰੀ ਸ੍ਰਿਸ਼ਟੀ ਨਾਲ ਆਪ ਪਿਆਰ ਕਰੋ" ਇਸ ਸਿਖਯਾ ਵਿਖੇ ਇਕ ਡੂੰਘਾ ਵਿਦਯਕ ਸਿੱਧਾਂਤ ਕੁੱਟ ਕੁੱਟਕੇ ਭਰਿਆ ਹੋਇਆ ਹੈ।

ਜਿੰਨਾ ਅਸੀ ਹੋਰਨਾਂ ਨਾਲ ਪਿਆਰ ਕਰਾਂਗੇ, ਓਨਾਂ ਹੋਰ ਲੋਕ ਸਾਡੇ ਨਾਲ ਪਿਆਰ ਕਰਨਗੇ। ਖਯਾਲ ਤਾਕਤਾਂ ਹਨ, ਹਰ ਇਕ ਖਿਆਲ ਆਪਣੇ ਵਰਗੀ ਹੀ

ਤਾਕਤ ਪੈਦਾ ਕਰਦਾ ਹੈ, ਹਰ ਇਕ ਖਿਆਲ ਜੋ ਕਾਰਨ ਹੈ, ਆਪਣੇ ਜਿਹੇ ਕਾਰਜ ਨਾਲ ਹੀ ਭਰਪੂਰ ਹੋਕੇ ਆਪਣੇ ਅਸਲ ਵਲ ਝੁਕਦਾ ਹੈ।

"ਤਾਂਤੇ ਆਪਣੇ ਗੁੱਝ ਖਜ਼ਾਲਾਂ ਚੰਗੇ ਖੂਬ ਬਣਾਓ।
ਵਿਚ ਉਨ੍ਹਾਂ ਦੇ ਜਾਨਦਾਰ, ਇਕ ਅੰਸ ਅੰਗ ਲਖ ਪਾਓ।
ਨਿਜ ਬਾਣੀ ਦੇ ਸਾਧਨ ਕਾਰਣ ਬਹੁਰ ਨਸੀਬ ਫਲਾਓ।
ਰੱਬੀ ਨੇਤ ਧੁਰੇ ਦੀ ਔਕੁਰ, ਸੰਸੇ ਦੂਰ ਵਗਾਓ।"

(ਸੋ ਈਸ਼ਰੀ ਕਾਰਖਾਨੇ ਵਿਖੇ ਸਾਡੇ ਸਾਰੇ ਲੋਗਾਂ ਦੇ ਸੰਬੰਧ ਕੁਝ ਅਜਿਹੇ ਮਿਲੇ ਜੁਲੇ ਹਨ ਕਿ ਤੁਹਾਨੂੰ ਯੋਗ ਹੈ ਕਿ ਸੁੱਛ ਅਤੇ ਪਵਿਤ੍ਰ ਖਿਆਲਾਂ ਨੂੰ ਦਿਲ ਅੰਦਰ ਥਾਂ ਦੇਵੋ, ਏਹਨਾਂ ਖਿਆਲਾਂ ਤੋਂ ਤੁਹਾਡੀ ਕਲਾਮ (ਬਾਣੀ) ਦੀ ਤਸੀਰ ਵਿਚ ਅਤੇ ਤੁਹਾਡੀ ਤਕਦੀਰ (ਪ੍ਰਾਰਬਧ) ਦੀ ਭਲਿਆਈ ਵਿਚ ਬਹੁਤ ਕੁਝ ਅਮਲੀ ਸਹਾਇਤਾ ਮਿਲ ਸਕਦੀ ਹੈ)।

ਸਾਰਿਆਂ ਤੋਂ ਹੱਛੀ ਗੱਲ ਇਹ ਹੈ ਕਿ ਹਰ ਇਕ ਪੁਰਸ਼ ਦੂਜਿਆਂ ਨਾਲ ਆਪਣੇ ਦਿਲ ਵਿਖੇ ਮੁਹੱਬਤ ਦੇ ਖਿਆਲ ਰੱਖੇ ਅਰ ਮੇਰੇ ਇਕ ਮਿੱਤ੍ਰ ਦੀ ਨਿਆਈਂ ਆਪਣੀ ਸੰਗਤ ਹਰ ਇਕ ਪੁਰਸ਼ ਨਾਲ ਇਸ ਖਿਆਲ ਦੇ ਢੰਗ ਨਾਲ ਪ੍ਰਗਟ ਕਰੇ: "ਹੇ ਮੇਰੇ ਮਿੱਤ੍ਰੋ! ਮੈਂ ਤੁਹਾਡੇ ਨਾਲ ਪਿਆਰ ਕਰਦਾ ਹਾਂ" ਜਦੋਂ ਅਸੀ ਇਸ ਗੱਲ ਨੂੰ ਹੱਛੀ ਤਰਾਂ ਸਮਝ ਲੈਂਦੇ ਹਾਂ ਕਿ ਹਰ ਇਕ ਮੁੜਕੇ ਆਉਨ ਅਤੇ ਬੱਸ ਹੋਨ ਤੋਂ ਪਹਲਾਂ ਦੂਜਿਆਂ ਤੇ ਆਪਣਾ ਅਸਰ ਜ਼ਰੂਰ ਪੈਦਾ ਕਰਦਾ ਹੈ, ਤਦੋਂ ਅਸੀ ਮਲੂਮ ਕਰ ਸਕਦੇ ਹਾਂ ਕਿ ਸਾਰਿਆਂ ਦੇ ਨਾਲ ਪਿਆਰ ਕਰਨ ਵਾਲਾ

ਪੁਰਸ਼ ਆਪਣੇ ਮਿਲਣ ਵਾਲਿਆਂ ਵਾਸਤੇ ਹੀ ਬਰਕਤ ਦੇਂਦਾ ਨਹੀਂ, ਸਗੋਂ ਸਾਰੀ ਸ੍ਰਿਸ਼ਟੀ ਵਾਸਤੇ ਹੈ। ਇਸ਼ਤੋਂ ਛੁੱਟ ਦਹੁ ਪਾਸੀਂ ਅਜੇਹੇ ਹੀ ਪਿਆਰ ਨਾਲ ਭਰੇ ਹੋਏ ਖਿਆਲ ਭਿੰਨ ਭਿੰਨ ਸੂਰਤਾਂ ਵਿਚ ਹੋਰ ਲੋਕਾਂ ਵਾਂਗ ਉਸ ਵਲ ਆਇਆ ਕਰਦੇ ਹਨ।

ਵੇਖੋ! ਇਨ੍ਹਾਂ ਤਾਕਤਾਂ ਦਾ ਅਸਰ ਜਾਨਵਰਾਂ ਤੇ ਭੀ ਹੁੰਦਾ ਹੈ, ਬਹੁਤ ਸਾਰੇ ਲੋਕਾਂ ਨਾਲੋਂ ਕਈ ਜਾਨਵਰਾਂ ਵਿਚ ਅਨੁਭਵ ਕਰਨ ਦੀ ਸ਼ਕਤੀ ਤੀਬਰ ਹੁੰਦੀ ਹੈ ਅਰ ਇਹੀ ਕਾਰਨ ਹੈ ਕਿ ਲੋਕਾਂ ਨਾਲੋਂ ਏਹਨਾਂ ਜਾਨਵਰਾਂ ਤੇ ਸਾਡੇ ਖ੍ਯਾਲਾਂ ਅਤੇ ਆਤਮਕ ਹਾਲਤਾਂ ਅਰ ਰੁਚੀਆਂ ਦਾ ਬਹੁਤ ਛੇਤੀ ਅਸਰ ਹੁੰਦਾ ਹੈ, ਏਸ ਲਈ ਹੀ ਜਦੋਂ ਕਦੀ ਅਸੀ ਕਿਸੇ ਜਾਨਵਰ ਨਾਲ ਮਿਲਦੇ ਹਾਂ ਤਾਂ ਉਸ ਨਾਲ ਮੁਹੱਬਤ ਅਤੇ ਪਿਆਰ ਦੇ ਖਿਆਲ ਪ੍ਰਗਟ ਕਰਨ ਤੋਂ ਉਸਨੂੰ ਬਹੁਤ ਕੁਝ ਲਾਭ ਪੁਚਾ ਸਕਦੇ ਹਾਂ, ਓਹ ਜਾਨਵਰ ਝਟ ਪਟ ਮਲੂਮ ਕਰ ਲਵੇਗਾ ਕਿ ਸਾਡੇ ਦਿਲੀ ਖਿਆਲ ਕੇਹੋ ਜੇਹੇ ਹਨ, ਅਰਥਾਤ ਕੀ ਅਸੀ ਸਧਾਰਣ ਤਰਾਂ ਨਾਲ ਓਹਨਾਂ ਦਾ ਧਿਆਨ ਹੀ ਏਧਰ ਕਰਾਉਂਦੇ ਹਾਂ, ਜਾਂ ਸੱਚ ਮੁੱਚ ਓਹਨਾਂ ਨੂੰ ਸੱਦਦੇ ਹੀ ਹਾਂ? ਅਤੇ ਤੁਸੀ ਬਹੁਤ ਥਾਈਂ ਇਹ ਵੇਖਕੇ ਬੜੇ ਖੁਸ਼ ਹੋਵੋਗੇ ਕਿ ਓਹ ਜਾਨਵਰ ਭੀ ਝਟ ਪਟ ਪਿਆਰ ਪ੍ਰਗਟ ਕਰਦਾ ਹੈ ਅਤੇ ਉਸਦੀਆਂ ਤੱਤਕਾਲਕ ਨਸ਼ਾਨੀਆਂ ਤੋਂ ਸਾਫ ਪਤਾ ਲੱਗਦਾ ਹੈ ਕਿ ਓਹ ਸਾਡੇ ਪਿਆਰ ਅਤੇ ਮੁਹੱਬਤ ਨੂੰ ਸਮਝਦਾ ਹੈ ਅਰ ਉਸਦੀ ਕਦਰ ਕਰਦਾ ਹੈ।

ਕਿਆ ਹੀ ਹਛਿਆਈ ਅਤੇ ਸੁਭਾਗਤਾ ਦੀ ਗੱਲ

ਹੋਵੇ, ਜੇ ਅਸੀ ਅਜੇਹੇ ਸੰਸਾਰ ਵਿਚ ਜੀਵਨ ਬਤੀਤ ਕਰੀਏ ਅਤੇ ਟੁਰੀਏ ਫਿਰੀਏ, ਜਿਥੇ ਕਿ ਸਾਨੂੰ ਕੇਵਲ ਦੇਵਤਾ ਸੁਭਾਉ ਪੁਰਸ਼ਾਂ ਦਾ ਹੀ ਮੇਲ ਹੋਵੇ । ਅਜਿਹੀ ਸ੍ਰਿਸ਼ਟੀ ਵਿਚ ਤੁਸੀ ਭੀ ਰਹ ਸਕਦੇ ਹੋ ਅਤੇ ਮੈਂ ਭੀ ਰਹ ਸਕਦਾ ਹਾਂ, ਕਿਉਂਕਿ ਜਿੰਨਾ ਕੁ ਸਾਨੂੰ ਏਸ ਉੱਚ ਤੋਂ ਉੱਚ ਅਨੁਭਵ ਦੀ ਪ੍ਰਾਪਤੀ ਹੋਵੇਗੀ ਓਨਾਂ ਹੀ ਅਸੀ ਹਰ ਇਕ ਪੁਰਸ਼ ਦੀ ਆਤਮਾਂ ਵਿਚ ਈਸ਼੍ਵਰ ਹੀ ਈਸ਼੍ਵਰ ਵੇਖਾਂਗੇ ਅਰ ਜਦੋਂ ਅਸੀ ਆਪਣੇ ਹਰ ਇਕ ਮਿਲਨ ਵਾਲੇ ਵਿਚ ਕਰਤਾ ਪੁਰਖ ਦਾ ਪ੍ਰਕਾਸ਼ ਵੇਖ ਸੱਕਾਂਗੇ, ਤਾਂ ਫੇਰ ਅਸੀ ਅੰਜਿਹੀ ਸ੍ਰਿਸ਼ਟੀ ਵਿਚ ਜੀਵਨ ਬਤੀਤ ਕਰਾਂਗੇ ।

ਜਦੋਂ ਅਸੀ ਏਸ ਢਬ ਨਾਲ ਹਰ ਇਕ ਪੁਰਸ਼ ਦੇ ਅੰਦਰ ਅਕਾਲ ਪੁਰਖ ਦੇ ਨੂਰ ਦਾ ਜ਼ਹੂਰ ਵੇਖਾਂਗੇ, ਤਾਂ ਉਸ ਸਤਿ ਗਿਆਨ ਤੋਂ ਨਿਤ ਹੀ ਹੋਰ ਵਧ ਵਧਕੇ ਉਸ (ਕਰਤਾਰ) ਦੇ ਦੀਦਾਰ ਵਿਚ ਸਹੈਤਾ ਮਿਲੇਗੀ "ਦਿਨ ਦਿਨ ਹੋਤ ਸਵਾਇਆ ਨਾਨਕ ਹੋਤ ਨ ਘਾਟ" ਕਿਹਾ ਹੱਛਾ ਲਾਭ ਹੈ। ਜੋ ਲਾਭ ਤੁਹਾਨੂੰ ਪ੍ਰਾਪਤ ਹੈ ਓਹੀ ਮੈਨੂੰ ਭੀ ਪ੍ਰਾਪਤ ਹੈ, ਫੇਰ ਅਸਾਡਾ ਦੂਜੇ ਪੁਰਸ਼ ਦੀ ਬਾਬਤ ਮਕਰ ਨਾਲ ਭਰੀ ਹੋਈ ਜਾਂ ਉੱਪਰਲੇ ਚਿੱਤੋਂ ਰਾਇ ਲਗਾਉਣੀ ਕੇਡ਼ੀ ਗੱਲ ਹੈ, ਜਿਸ ਕਰਕੇ ਕਿ ਅਸੀ ਕੁਝ ਭੀ ਨਹੀਂ ਕਰ ਸਕਦੇ, ਕਿਉਂਕਿ ਹੁਣ ਸਾਨੂੰ ਇਹ ਤਾਕਤ ਪ੍ਰਾਪਤ ਹੁੰਦੀ ਜਾਂਦੀ ਹੈ ਕਿ ਪ੍ਰਤੱਖ ਉੱਨਤ ਹੋਣ ਵਾਲੀ, ਇਕ ਰਸ ਨਾਂ ਰਹਨ ਵਾਲੀ ਅਤੇ ਭੁਲੇਖੇ ਵਿਚ ਪਾਉਣ ਵਾਲੀ ਖ਼ੁਦੀ (ਹੰਕਾਰ) ਨੂੰ ਛੱਡਕੇ ਅਸਲੀ ਇਕ ਰਸ

ਅਟੱਲ ਆਤਮਾਂ ਨੂੰ ਵੇਖ ਸਕਦੇ ਹਾਂ, ਜੋ ਹੌਲੀ ਹੌਲੀ ਨਿ:ਸਕਲੰਕਤਾ ਦੇ ਪੂਰਣ ਪ੍ਰਕਾਸ਼ ਵਿਚ ਚਮਕਨ ਲੱਗ ਪਵੇਗਾ ਅਰ ਇਸ ਵੇਲੇ ਅਸੀ ਇਸ ਗੱਲ ਨੂੰ ਭੀ ਬਹੁਤ ਠੀਕ ਸਮਝ ਲਵਾਂਗੇ ਕਿ ਜਦੋਂ ਅਸੀ ਦੂਜੇ ਨੂੰ ਬੁਰਾ ਬਨਾਂਦੇ ਹਾਂ ਤਾਂ ਮਾਨੋਂ ਅਸੀ ਇਸੇ ਕਾਰਣ ਕਰਕੇ ਆਪਣੇ ਆਪ ਨੂੰ ਭੀ ਬੁਰਾ ਠਹਿਰਾ ਰਹੇ ਹਾਂ।

ਇਸ ਅਨਭਉ ਨਾਲ ਸਾਡੇ ਵਿਚ ਏਨਾਂ ਪਿਆਰ ਭਰ ਜਾਂਦਾ ਹੈ ਕਿ ਮਾਨੋਂ ਪਿਆਰ ਦਾ ਦਰਯਾ ਇਕ ਰਸ ਚੜ੍ਹ ਆਇਆ ਹੈ ਅਤੇ ਜੋ ਲੋਕ ਸਾਡੇ ਨਾਲ ਮਿਲਦੇ ਹਨ ਓਹਨਾਂ ਵਿਚ ਭੀ ਇਸਦਾ ਜੋਸ਼ ਭਰਵਾਂ ਅਤੇ ਜੀਵਨ ਦਾਤਾ ਅਸਰ ਪ੍ਰਗਟ ਹੁੰਦਾ ਹੈ।ਇਹ ਲੋਕ ਭੀ ਸਾਡੇ ਨਾਲ ਇਸ ਤਰਾਂ ਦਾ ਪਿਆਰ ਕਰਨ ਲੱਗ ਪੈਂਦੇ ਹਨ ਅਰ ਇਸਤਰਾਂ ਮਾਨੋਂ ਅਸੀ ਚਹੁੰ ਪਾਸਿਆਂਤੋਂ ਮੁਹੱਬਤ ਨੂੰ ਆਪਣੇ ਵਲ ਬਰਾਬਰ ਖਿੱਚਦੇ ਰਹਿੰਦੇ ਹਾਂ। ਜੇ ਤੁਸੀ ਮੈਨੂੰ ਇਹ ਦੱਸ ਦਿਓ ਕਿ ਇਹ ਪੁਰਸ਼ ਕਿੰਨਾ ਕੁ ਪਿਆਰ ਕਰਦਾ ਹੈ ਤਾਂ ਮੈਂ ਤੁਹਾਨੂੰ ਦੱਸ ਸਕਾਂਗਾ ਕਿ ਇਸ ਪੁਰਸ਼ ਨੇ ਈਸ਼੍ਵਰ ਸੰਬੰਧੀ ਕਿੰਨੀ ਕੁ ਪ੍ਰੀਖਿਆ ਕਰ ਲੀਤੀ ਹੈ। ਜੇ ਤੁਸੀ ਮੈਨੂੰ ਇਹ ਦੱਸ ਦੇਵੋ ਕਿ ਓਹ ਪੁਰਸ਼ ਕਿੰਨਾ ਪਜਾਰ ਕਰਦਾ ਹੈ, ਤਾਂ ਮੈਂ ਤੁਹਾਨੂੰ ਦੱਸ ਦੇਵਾਂਗਾ ਕਿ ਉਸ ਪੁਰਸ਼ ਨੇ ਪ੍ਰਮਾਤਮਾਂ ਦੀ ਸਮੀਪਤਾ ਕਿੰਨੀ ਕੁ ਪ੍ਰਾਪਤ ਕਰਲੀਤੀ ਹੈ ਅਰ ਫੇਰ ਜੇ ਤੁਸੀ ਮੈਨੂੰ ਇਹ ਦੱਸੋ ਕਿ ਓਹ ਪੁਰਸ਼ ਕਿੰਨਾ ਕੁ ਪ੍ਰੇਮ ਕਰਦਾ ਹੈ ਤਾਂ ਮੈਂ ਤੁਹਾਨੂੰ ਦੱਸ ਦੇਵਾਂਗਾ ਕਿ ਓਹ ਪ੍ਰਮਾਤਮਾਂ ਦੇ ਦਰਬਾਰ ਅਰਥਾਤ ਮਿਲਾਪ ਦੀ ਰਜਧਾਨੀ ਵਿਚ ਕਿੱਥੋਂ ਤਾਈਂ ਪਹੁੰਚ ਗਿਆ ਹੈ,

ਕਿਉਂਕਿ "ਪ੍ਰੇਮ ਹੀ ਨੇਮ ਦੀ ਪਾਲਨਾਂ ਹੈ"। ਇਕ ਤਰਾਂ ਨਾਲ ਸੱਚ ਪੁਛੋ ਤਾਂ ਪਿਆਰ ਹੀ ਹਰ ਇਕ ਚੀਜ਼ ਹੈ, ਇਹੀ ਜੀਵਨ ਦੀ ਕੁੰਜੀ ਹੈ ਅਤੇ ਇਸਦੇ ਅਸਰ ਅਜੇਹੇ ਹਨ ਜਿਹੜੇ ਕਿ ਸੰਸਾਰ ਵਿਖੇ ਥਲਕਾ ਮਚਾ ਸਕਦੇ ਹਨ। ਬੱਸ ਚਿੱਤ ਵਿਚ ਸਭ ਨਾਲ ਪਿਆਰ ਰੱਖੋ ਤਦ ਸਾਰੇ ਤੁਹਾਡੇ ਨਾਲ ਪਿਆਰ ਕਰਨਗੇ, ਪਰ ਜੇ ਤੁਸੀ ਹੋਰਨਾਂ ਵਲੋਂ ਦਿਲ ਵਿਖੇ ਈਰਖਾ ਜਾਂ ਘ੍ਰਿਣਾਂ ਰੱਖੋਗੇ ਤਾਂ ਹੋਰ ਲੋਕ ਭੀ ਤੁਹਾਡੇ ਨਾਲ ਈਰਖਾ ਅਤੇ ਘ੍ਰਿਣਾਂ ਰੱਖਨਗੇ, "ਕਿਉਂਕਿ ਬਦੀ ਜ਼ਹਿਰ ਦਾ ਅਸਰ ਰੱਖਦੀ ਹੈ, ਗੰਦਲੇ ਖਿਆਲ ਤੀਰਾਂ ਦੀ ਨਿਆਈਂ ਹਨ ਜੋ ਨਸ਼ਾਨੇ ਤੋਂ ਮੁੜਕੇ ਆ ਲਗਦੇ ਹਨ ਅਰ ਜਿਗਰ ਵਿਚ ਅਜੇਹੇ ਕਾਰੀ ਜ਼ਖਮ ਲਗਾਂਦੇ ਹਨ ਕਿ ਓਹਨਾਂ ਦਾ ਭਰਨਾ ਕਠਨ ਹੈ ਅਤੇ ਗੁੱਸਾ ਗਜ਼ਬ ਤਾਂ ਖੱਸ ਸਾੜਕੇ ਸੁਆਹ ਹੀ ਕਰ ਮਾਰਦਾ ਹੈ।"

> "ਬਦੀਆਂ ਜ਼ਹਰਾਂ ਉਗਲਨ ਅੰਦਰਿ, ਤੀਰ ਕਲੇਜੇ ਲਾਵਨ। ਗ਼ਾਰਾ ਪਾਰਾ ਵਿੰਨ੍ਹ ਕਰੇਵਨ, ਮੁੜ ਮੁੜ ਕਾਰ ਕਰਾਵਨ। ਕਰਨ ਇਲਾਜ ਤਬੀਬ ਹਜ਼ਾਰਾਂ, ਫੱਟ ਨ ਸੀਤੇ ਜਾਵਨ। ਗੁੱਸਾ ਗਜ਼ਬ ਸਾੜ ਤਨ ਮਨ ਨੂੰ, ਢੇਰੀ ਰਾਖ਼ ਬਨਾਵਨ।"

ਤੁਹਾਡੇ ਚਿੱਤ ਦਾ ਹਰ ਇਕ ਖਿਆਲ ਇਕ ਤਾਕਤ ਜਾਂ ਸ਼ਕਤੀ ਹੈ ਜੋ ਬਾਹਰ ਜਾਕੇ ਹੋਰਨਾਂ ਤੇ ਅਸਰ ਪੈਦਾ ਕਰਦਾ ਹੈ ਅਰ ਫੇਰ ਉਸੇ ਤਰਾਂ ਦੇ ਖਿਆਲ ਨਾਲ ਭਰਪੂਰ ਹੋਕੇ ਉਲਟਾ ਤੁਹਾਡੇ ਕੋਲ ਆ ਜਾਂਦਾ ਹੈ। ਇਹ ਇਕ ਅਟੱਲ ਨੇਮ ਹੈ, ਇਸਤੋਂ ਛੁੱਟ ਤੁਹਾਡੇ ਦਿਲ ਦੇ

ਹਰ ਇਕ ਖਿਆਲ ਦਾ ਤੁਹਾਡੇ ਸਰੀਰ ਤੇ ਸਿੱਧਾ ਅਸਰ ਹੁੰਦਾ ਹੈ, ਮੁਹੱਬਤ ਅਤੇ ਇਸੇ ਤਰਾਂ ਦੀਆਂ ਹੋਰ ਹਰਕਤਾਂ ਅਸਲੀ ਅਤੇ ਕੁਦਰਤੀ ਹਨ ਅਤੇ ਸ੍ਰਿਸ਼ਟੀ ਦੀ ਅਟੱਲ ਵਜੋਂਤ ਦੇ ਅਨੁਸਾਰ ਹਨ, ਕਿਉਂਕਿ "ਕਰਤਾਰ ਮੁਹੱਬਤ ਹੈ" ਯਥਾ: "ਜਤ ਤਤ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ" ਇਹਨਾਂ ਤੋਂ ਤੁਹਾਡੇ ਸਰੀਰ ਵਿਖੇ ਜਾਨ ਆਉਂਦੀ ਹੈ ਅਤੇ ਅਰੋਗਤਾ ਦਾ ਵਾਧਾ ਹੁੰਦਾ ਹੈ, ਇਸਤੋਂ ਛੁਟ ਤੁਹਾਡੇ ਚੇਹਰੇ ਉੱਤੋਂ ਨੂਰ ਵੱਸਨ ਲੱਗ ਪੈਂਦਾ ਹੈ ਅਰ ਤੁਹਾਡੀ ਬਾਣੀ ਵਿਚ ਮਿਠਾਸ ਭਰ ਜਾਂਦੀ ਹੈ ਅਰ ਤੁਸੀ ਹਰ ਹਾਲਤ ਵਿਚ ਲੋਕਾਂ ਦੀ ਦ੍ਰਿਸ਼ਟੀ ਵਿਚ ਮਨ ਮੋਹਨ ਰੂਪ ਬਨ ਜਾਂਦੇ ਹੋ ਅਤੇ ਇਹ ਗੱਲ ਸੱਚ ਹੋਨ ਕਰਕੇ ਜਿਤਨਾ ਤੁਸੀ ਸਾਰੇ ਲੋਕਾਂ ਵਾਸਤੇ ਪਿਆਰ ਦੇ ਖਿਆਲ ਰੱਖੋਗੇ ਉਤਨਾ ਹੀ ਓਹ ਭੀ ਤੁਹਾਡੇ ਨਾਲ ਪਿਆਰ ਦੇ ਖਿਆਲ ਰੱਖਨਗੇ ਅਰ ਜੋ ਕਿ ਇਹਨਾਂ ਖਿਆਲਾਂ ਦਾ ਪ੍ਰਤੱਖ ਅਸਰ ਤੁਹਾਡੇ ਆਤਮਾਂ ਜਾਂ ਮਨ ਤੇ ਹੁੰਦਾ ਹੈ ਅਰ ਮਨ ਦੁਆਰਾ ਤੁਸਾਡੇ ਸਰੀਰ ਤੇ, ਇਸ ਲਈ ਇਹ ਏਨੀਂ ਜੀਵਨ ਦਾਤਾ ਵਾਧੂ ਸ਼ਕਤੀ ਬਾਹਰ ਥੀਂ ਸਹਾਇਤਾ ਦੇ ਤੌਰ ਤੁਹਾਨੂੰ ਮਿਲਦੀ ਹੈ, ਇਸੇ ਤੋਂ ਫੇਰ ਤੁਸੀ ਬਰਾਬਰ ਆਪਣੇ ਮਾਨਸਕ ਤੇ ਸਰੀਰਕ ਜੀਵਨ ਨੂੰ ਬਨਾਂਦੇ ਰਹਿੰਦੇ ਹੋ ਅਰ ਉਸਦੀ ਤਸੀਰ ਤੋਂ ਤੁਹਾਡਾ ਜੀਵਨ ਮਾਲਾ ਮਾਲ ਹੁੰਦਾ ਜਾਂਦਾ ਹੈ।

ਘ੍ਰਿਣਾਂ ਅਤੇ ਏਸੇ ਤਰਾਂ ਦੇ ਹੋਰ ਵਿਕਾਰ ਕੁਦਰਤ ਦੇ ਵਿਰੁਧ ਅਰ ਬਨਾਵਟੀ ਹਨ, ਇਹ ਸਾਰੇ ਇਕ ਤਰਾਂ ਦੇ ਵਿਗਾੜ ਹਨ ਅਰ ਏਸੇ ਵਾਸਤੇ ਸ੍ਰਿਸ਼ਟੀ ਦੀ ਅਨਾਦੀ

ਬਨਾਵਟ ਦੇ ਵਿਰੁਧ ਹਨ, ਕਿਉਂਕਿ ਜੇ ਪ੍ਰੇਮਨੇਮ ਨੂੰ ਪੂਰਨ ਕਰਨ ਵਾਲਾ ਹੈ ਤਾਂ ਓਹਨਾਂ ਤੋਂ ਜੋ ਮੁਹੱਬਤ ਦੇ ਉਲਟ ਹਨ, ਨੇਮ ਦੀ ਸਾਫ ਵਿਰੋਧਤਾ ਪ੍ਰਗਟ ਹੁੰਦੀ ਹੈ ਅਰ ਨੇਮ ਦੀ ਵਿਰੋਧਤਾ ਵਿਚ ਕਿਸੇ ਨਾਂ ਕਿਸੇ ਤਰਾਂ ਦੀ ਤਕਲੀਫ ਅਤੇ ਦੁਖ ਦਾ ਹੋਣਾ ਜ਼ਰੂਰੀ ਹੈ ਅਰ ਇਸ ਤਕਲੀਫ ਅਤੇ ਦੁਖ ਤੋਂ ਬਚਨਾ ਕਠਨ ਹੈ । ਹੁਣ ਪ੍ਰਸ਼ਨ ਇਹ ਹੈ ਕਿ ਇਸ ਖਾਸ ਪ੍ਰਕਾਰ ਦੀ ਵਿਰੋਧਤਾ ਦਾ ਫਲ ਕੀ ਹੋਵੇਗਾ? ਜਦੋਂ ਤੁਸੀ ਆਪਣੇ ਮਨ ਨੂੰ ਕ੍ਰੋਧ, ਘ੍ਰਿਣਾਂ, ਚੁਗਲੀ, ਸਾੜਾ, ਸ਼ਰੀਕਾ ਅਤੇ ਨੁਕਤਾਚੀਨੀ ਜਾਂ ਫਿਟਕਾਰ ਦੇ ਖਿਆਲਾਂ ਦੇ ਅੰਧੀਨ ਹੋਨ ਦੇਵੋਗੇ ਤਾਂ ਓਹਨਾਂ ਤੋਂ ਸ੍ਰੀਰ ਦੇ ਉੱਤੇ ਜ਼ੈਹਰ ਅਤੇ ਤੇਜ਼ਾਬ ਦਾ ਅਸਰ ਪੈਦਾ ਹੋਵੇਗਾ, ਏਹਨਾਂ ਥੀਂ ਸਰੀਰ ਢੈਹ ਜਾਏਗਾ, ਅਰ ਜੇ ਇਸਤਰਾਂ ਦੇ ਖਿਆਲ ਬਰਾਬਰ ਰਹਨ ਦਿੱਤੇ ਤਾਂ ਓਹਨਾਂ ਥੀਂ ਸਰੀਰ ਦੇ ਅੰਦਰ ਭਿੰਨ ਭਿੰਨ ਤਰਾਂ ਦੇ ਰੋਗ ਪ੍ਰਗਟ ਹੋਣਗੇ ਅਰ ਅੰਤ ਨੂੰ ਸਰੀਰ ਟੁਕੜੇ ਟੁਕੜੇ ਹੋ ਜਾਏਗਾ ਅਰ ਤੁਹਾਡੇ ਸ੍ਵਯੰ ਮਨ ਤੋਂ ਨਾਸ ਕਰਨ ਵਾਲੇ ਅਸਰ ਪੈਦਾ ਹੋਣ ਤੋਂ ਛੁਟ ਹੋਰਨਾਂ ਲੋਕਾਂ ਦੇ ਮਨ ਤੋਂ ਭੀ ਏਸੇ ਤਰਾਂ ਦੀਆਂ ਤਸੀਰਾਂ ਤੁਹਾਡੇ ਵਿਚ ਪ੍ਰਗਟ ਹੋਣਗੀਆਂ, ਅਤੇ ਇਹ ਹੋਰ ਲੋਕਾਂ ਦੀਆਂ ਨਾਸ ਕਰਤਾ ਸ਼ਕਤੀਆਂ ਨੂੰ ਦੂਣਾ ਚੌਣਾ ਕਰ ਦੇਣਗੀਆਂ ਅਰ ਇਸਤੋਂ ਸਰੀਰ ਦੇ ਟੁਕੜੇ ਟੁਕੜੇ ਹੋਨ ਵਿਚ ਹੋਰ ਭੀ ਸਹਾਇਤਾ ਹੋਵੇਗੀ।

ਤਾਂਤੇ ਸਿੱਧ ਹੋਇਆ ਕਿ ਪਿਆਰ ਤੋਂ ਪਿਆਰ ਅਰ ਘ੍ਰਿਣਾਂ ਤੋਂ ਘ੍ਰਿਣਾਂ ਪੈਦਾ ਹੁੰਦੀ ਹੈ, ਮੁਹੱਬਤ ਅਤੇ ਨੇਕੀ ਤੋਂ ਸਰੀਰ ਨੂੰ ਪੁਸ਼ਟੀ ਹੁੰਦੀ ਹੈ ਅਤੇ ਅਰੋਗਤਾ

ਕਾਇਮ ਰਹਿੰਦੀ ਹੈ, ਉਲਟ ਇਸਦੇ ਘ੍ਰਿਣਾਂ ਅਤੇ ਵੈਰ ਵਿਰੋਧ ਸਰੀਰ ਨੂੰ ਖਾ ਜਾਂਦੇ ਹਨ ਅਰ ਉਸਦੀ ਮ੍ਰਿਤੂ ਦਾ ਕਾਰਨ ਬਨਦੇ ਹਨ, ਮੁਹੱਬਤ ਤੋਂ ਜੀਵਨ ਵਿਖੇ ਜਾਨ ਪੈਂਦੀ ਹੈ ਅਤੇ ਘ੍ਰਿਣਾਂ ਮੋਏ ਨੂੰ ਮਾਰ ਦੇਂਦੀ ਹੈ।

"ਭਗਤੀ ਭਰਿਆ ਚਿਤ, ਬਹਾਦਰ ਹੌਂਸਲੇ।
ਸੁਧ ਪਵਿਤ੍ਰ ਬਹੁਰਿ, ਆਤਮਾਂ ਭੀ ਹੁਵੇ।
ਤਿਸ ਪਰ ਭੀ ਜੋ ਪਾਸ ਭਲਾ ਜਗਿ ਵਰਤਦੇ।
ਕਰੇ ਭਲਾ, ਮੁੜ ਹੋਊ ਭਲਾ ਪ੍ਰਸਿੱਧ ਏ।"

"ਪਿਆਰ ਦਾਨ, ਮੁੜ ਪਿਆਰ ਕਰੂ ਸਨਮਾਨ ਤਿਸ।
ਡਾਢੀ ਅਪਨੀ ਲੋੜ ਵਿਖੇ, ਇਕ ਸ਼ਕਤਿ ਪਿਖ।
ਸੱਭ ਭਰੋਸਾ ਕਰਨ, ਭਰੋਸਾ ਧਰਨ ਸਿਖ।
ਜੋ ਕੁਝ ਭਾਖੇਂ, ਕਰੇਂ ਸਭੀ ਲਹਿ ਪਰਮ ਸਿਖ।"

"ਸੰਸਾਰ ਵਿਚ ਵਫ਼ਾਦਾਰ ਦਿਲ ਅਤੇ ਬਹਾਦਰ ਰੂਹ ਅਰ ਸ਼ੁਧ ਤੇ ਪਵਿਤ੍ਰ ਮਨ ਹਨ, ਤਾਂਤੇ ਹੱਛਾ ਹੈ ਕਿ ਸ੍ਰਿਸ਼ਟੀ ਲਈ ਹੱਛੇ ਦਿਲ, ਆਤਮਾਂ ਅਤੇ ਮਨ ਦਿਓ, ਅਰ ਉਸਦੇ ਬਦਲੇ ਸ੍ਰਿਸ਼ਟੀ ਭੀ ਤੁਹਾਨੂੰ ਉਸੇ ਤਰਾਂ ਦਾ ਦਿਲ, ਆਤਮਾਂ ਅਤੇ ਮਨ ਦੇਵੇਗੀ, ਅਰਥਾਤ ਜੇ ਤੁਸੀ ਵਫ਼ਾਦਾਰੀ, ਬਹਾਦਰੀ ਅਤੇ ਪਵਿੱਤ੍ਰਤਾ ਦੇ ਖਯਾਲ ਪ੍ਰਗਟ ਕਰੋਗੇ, ਤਾਂ ਹੋਰ ਲੋਕ ਭੀ ਤੁਹਾਡੇ ਕੋਲ ਏਸੇ ਤਰਾਂ ਦੇ ਖਿਆਲ ਪਗਟ ਕਰਨਗੇ। ਲੋਕਾਂ ਨਾਲ ਪਿਆਰ ਕਰੋ, ਲੋਕ ਤੁਹਾਡੇ ਨਾਲ ਤਨੋਂ ਮਨੋਂ ਮੁਹੱਬਤ ਕਰਨਗੇ ਅਰ ਇਹ ਪ੍ਰੀਤੀ ਅਤੀ ਲੋੜ ਵੇਲੇ ਤੁਹਾਡਾ ਸਹਾਰਾ ਹੋਵੇਗੀ, ਤੁਸੀ ਹੋਰਨਾਂ ਦਾ ਇਤਬਾਰ ਕਰੋ, ਕੋੜੀਆਂ ਦੇ ਕੋੜੀਆਂ (ਬਜੰਤ) ਲੋਗ ਤੁਸਾਡੀ ਬਾਣੀ ਅਰ ਕਰਤੱਵ ਦਾ ਇਤਾਂ

ਬਾਰ ਕਰਨਗੇ ।"

ਮੈਂ ਇੰਞ ਕਹਿੰਦੇ ਸੁਣਦਾ ਹਾਂ ਕਿ ਓਹ ਪੁਰਸ਼ ਮੇਰੇ ਨਾਲ ਵੈਰ ਅਤੇ ਘ੍ਰਿਣਾਂ ਕਿਉਂ ਰਖਦਾ ਹੈ, ਜਿਸਦੀ ਬਾਬਤ ਮੇਰੇ ਦਿਲ ਵਿਚ ਇਸਤਰਾਂ ਦੇ ਖਿਆਲ ਅਤੇ ਫੁਰਨੇ ਨਹੀਂ ਹਨ ਅਰ ਇਸੇ ਵਾਸਤੇ ਮੈਂ ਉਸਨੂੰ ਆਪਣਾ ਵੈਰੀ ਬਨਾਨ ਦਾ ਕਾਰਨ ਨਹੀਂ ਹੋਇਆ ਹਾਂ ? ਸੰਭਵ ਹੈ ਕਿ ਇਹ ਗੱਲ ਠੀਕ ਹੋਵੇ, ਪਰ ਇਉਂ ਭੀ ਹੈ ਕਿ ਜੇ ਤੁਹਾਡੇ ਮਨ ਅਰ ਚਿੱਤ ਵਿਚ ਕਿਸੇ ਤਰਾਂ ਦੀ ਦੁਖਦਾਈ ਵਿਚਾਰ ਨਹੀਂ ਹੈ, ਤਾਂ ਤੁਹਾਡੇ ਬਹੁਤ ਹੀ ਘਟ ਵੈਰੀ ਹੋਣਗੇ। ਨਿਸਚੇਂ ਜਾਣੋਂ ਕਿ ਸੰਸਾਰ ਵਿਚ ਅਜਿਹਾ ਨਹੀਂ ਹੁੰਦਾ, ਪਰ ਜੇ ਤੁਹਾਡੇ ਸੁਭਾਉ ਵਿਚ ਏਸ ਤਰਾਂ ਦੀ ਕੁਝ ਭੀ ਵਿਰੋਧਤਾ ਨਹੀਂ ਹੈ ਤੇ ਦੂਜਾ ਪੁਰਸ਼ ਬਿਨਾਂ ਕਿਸੇ ਕਾਰਨ ਦੇ ਤੁਹਾਡੇ ਨਾਲ ਘ੍ਰਿਣਾਂ ਜਾਂ ਦੁਸ਼ਮਨੀ ਕਰੇ ਤਾਂ ਉਸ ਦੁਸ਼ਮਨੀ ਦਾ ਆਦ ਤੋਂ ਅੰਤ ਤਾਈਂ ਮੁਹੱਬਤ ਅਤੇ ਹਿਤਕਾਰਤਾ ਦੇ ਖਿਆਲਾਂ ਨਾਲ ਟਾਕਰਾ ਕਰੋ, ਅਰਥਾਤ ਦੁਸ਼ਮਨੀ ਦੇ ਬਦਲੇ ਪਿਆਰ ਤੇ ਭਲਾਈ ਨਾਲ ਵਰਤੋ ਅਰ ਏਸੇ ਤਰਾਂ ਵਰਤਨ ਨਾਲ ਤੁਸੀ ਉਸ ਦੁਸ਼ਮਨੀ ਦੇ ਨਤੀਜੇ ਨੂੰ ਏਨਾਂ ਮਧੋਲੋਗੇ ਕਿ ਓਹ ਤੁਹਾਡੇ ਤਾਈਂ ਪੁਜ ਹੀ ਨਹੀਂ ਸਕੂ ਅਰ ਏਸੇ ਵਾਸਤੇ ਇਸਤੋਂ ਤੁਸੀ ਕਿੰਸੇ ਤਰਾਂ ਦਾ ਨੁਕਸਾਨ ਨਹੀਂ ਉਠਾ ਸਕੋਗੇ। ਮੁਹੱਬਤ ਇਕ ਰਸ ਹੈ ਅਤੇ ਘ੍ਰਿਣਾਂ ਜਾਂ ਵੈਰ ਤੋਂ ਜ਼ਿਆਦਾ ਪੱਕੀ ਅਰ ਬਲਵਾਨ ਹੈ ਅਰ ਮੁਹੱਬਤ ਦੁਸ਼ਮਨੀ ਤੇ ਸਦੀਵ ਪ੍ਰਬਲ ਹੋ ਸਕਦੀ ਹੈ । ਉਲਟ ਇਸਦੇ ਜੇ ਕੋਈ ਪੁਰਸ਼ ਤੁਹਾਡੇ ਨਾਲ ਵੈਰ ਵਿਰੋਧ ਕਰੇ ਅਰ

ਤੁਸੀ ਭੀ ਉਸਦੇ ਨਾਲ ਵੈਰ ਹੀ ਕਰੋ ਤਾਂ ਓਹ ਤੁਹਾਡੇ ਨਾਲ ਹੋਰ ਭੀ ਵਧੇਰੇ ਵੈਰ ਕਰੇਗਾ, ਤੁਸੀ ਮਾਨੋਂ ਬਲਦੀ ਅੱਗ ਵਿਚ ਲੱਕੜੀਆਂ ਪਾਂਦੇ ਹੋ, ਜਿਸਤੋਂ ਓਹ ਅੱਗ ਹੋਰ ਭੀ ਵਧੇਰੇ ਭੜਕ ਉਠੇਗੀ ਅਰ ਏਸੇ ਤਰਾਂ ਤੁਸੀ ਬੁਰਿਆਈ ਦੀਆਂ ਹਾਲਤਾਂ ਜਾਂ ਬੁਰਿਆਈਆਂ ਨੂੰ ਵਧਾਂਦੇ ਅਰ ਵਧੇਰੇ ਤੁੱਕੀ ਦੇਂਦੇ ਹੋ, ਇਸਤੋਂ ਕੁਝ ਲਾਭ ਪ੍ਰਾਪਤ ਨਹੀਂ ਹੋਊ, ਸਗੋਂ ਨਿਰਾ ਪੂਰਾਂ ਨੁਕਸਾਨ ਹੋਵੇਗਾ ਅਰ ਜੇ ਤੁਸੀ ਦੁਸ਼ਮਨੀ ਦੇ ਬਦਲੇ ਮੁਹਬਤ ਪ੍ਰਗਟ ਕਰੋਗੇ ਤਾਂ ਤੁਸੀ ਏਸ ਦੁਸ਼ਮਨੀ ਦੀ ਏਨੀਂ ਜੜ੍ਹ ਪੁਟੋਗੇ ਕਿ ਉਸਦਾ ਤੁਹਾਡੇ ਉੱਤੇ ਜ਼ਰਾ ਭੀ ਅਸਰ ਨਹੀਂ ਹੋਵੇਗਾ ਅਰ ਓਹ ਤੁਹਾਡੇ ਕੋਲ ਫਟਕੇਗੀ, ਸਗੋਂ ਇਸਤੋਂ ਵਧਕੇ ਉਸਦਾ ਫਲ ਇਹ ਹੋਵੇਗਾ ਕਿ ਕਦੀ ਨਾਂ ਕਦੀ ਓਹ ਦੁਸ਼ਮਨੀ ਕਰਨ ਵਾਲਾ ਪੁਰਸ਼ ਤੁਹਾਡਾ ਮਿੱਤ੍ਰ ਬਨ ਜਾਵੇਗਾ। ਦੁਸ਼ਮਨੀ ਦੇ ਬਦਲੇ ਦੁਸ਼ਮਨੀ ਕਰਨ ਤੋਂ ਤੁਸੀ ਆਪਣੇ ਆਪ ਨੂੰ ਖੁਆਰ ਕਰਦੇ ਹੋ ਅਰ ਵੈਰ ਦੇ ਬਦਲੇ ਪਿਆਰ ਕਰਨ ਤੋਂ ਤੁਸੀ ਆਪ ਹੀ ਭਲਿਆਈ ਪ੍ਰਾਪਤ ਨਹੀਂ ਕਰਦੇ, ਸਗੋਂ ਜੋ ਪੁਰਸ਼ ਤੁਹਾਡੇ ਨਾਲ ਵੈਰ ਰਖਦਾ ਹੈ ਓਹ ਭੀ ਉੱਚ ਦਸ਼ਾ ਨੂੰ ਪੁਜ ਜਾਂਦਾ ਹੈ।

ਫਾਰਸ ਦੇ ਇਕ ਸਿਆਣੇ ਦਾ ਕਥਨ ਹੈ ਕਿ: "ਸਦੀਵ ਮੰਦ ਸੁਭਾਉ ਦੇ ਬਦਲੇ ਹਲੀਮੀ ਅਤੇ ਭਲਮਾਨਸੀ ਦਾ ਵਰਤਾਉ ਕਰੋ ਅਰ ਸਖ਼ਤੀ ਦੇ ਬਦਲੇ ਨਰਮੀ ਅਤੇ ਕ੍ਰਿਪਾਲਤਾ ਨੂੰ ਵਰਤੋ। ਸੁਸ਼ੀਲ ਮਹਾਵਤ ਹਾਥੀ ਵਰਗੇ ਵੱਡੇ ਡੀਲ ਦੇ ਜਾਨਵਰ ਨੂੰ ਭੀ ਇਕ ਵਾਲ ਨਾਲ ਬੰਨ੍ਹਕੇ ਜਿੱਥੇ ਚਾਹੇ ਲੈ ਜਾ ਸਕਦਾ ਹੈ, ਆਪਣੇ ਵੈਰੀ

ਨਾਲ ਬੜੀ ਨਰਮੀ ਨਾਲ ਵਰਤੋ, ਸਲਾਮਤੀ ਅਤੇ ਅਮਨ ਦਾ ਮੁਕਾਬਲਾ ਕਰਨਾ ਪਾਪ ਹੈ, ਬੋਧ ਮਤ ਦਾ ਨਿਯਮ ਹੈ ਕਿ ਜੇ ਕੋਈ ਪੁਰਸ਼ ਬੇਅਕਲੀ ਨਾਲ ਮੈਨੂੰ ਨੁਕਸਾਨ ਪੁਚਾਏ ਤਾਂ ਮੈਂ ਉਸਦੇ ਬਦਲੇ ਉਸਦੇ ਨਾਲ ਦਿਲ ਖੋਹਲ ਕੇ ਪਿਆਰ ਕਰਾਂਗਾ, ਓਹ ਪੁਰਸ਼ ਜਿੰਨੀ ਵਧੇਰੇ ਬੁਰਿਆਈ ਕਰੇਗਾ, ਮੈਂ ਓਨਾਂ ਹੀ ਵਧੇਰੇ ਉਸਦੇ ਨਾਲ ਭਲਿਆਈ ਕਰਾਂਗਾ। ਚੀਨ ਨਵਾਸੀਆਂ ਦਾ ਵਾਕ ਹੈ ਕਿ: "ਸਿਆਣਾ ਪੁਰਸ਼ ਨੁਕਸਾਨ ਅਤੇ ਤਕਲੀਫ ਦੇ ਬਦਲੇ ਲਾਭ ਪੁਚਾਉਂਦਾ ਤੇ ਨੇਕੀ ਕਰਦਾ ਹੈ! ਹੋਰ ਦਾ ਕਥਨ ਹੈ ਕਿ: ਬੁਰਾਈਦੇ ਬਦਲੇ ਭਲਾਈ ਕਰੋ ਤੇ ਗੁੱਸੇ ਉੱਤੇ ਪਯਾਰ ਨਾਲ ਪ੍ਰਬਲ ਹੋ ਜਾਓ, ਦੁਸ਼ਮਨੀ ਵੈਰ ਨਾਲ ਦੂਰ ਨਹੀਂ ਹੁੰਦੀ, ਸਗੋਂ ਪਿਆਰ ਨਾਲ ਦੂਰ ਹੁੰਦੀ ਹੈ। ਸਿੱਖਾਂ ਦੇ ਪਵਿਤ੍ਰ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਦੇ ਉਪਦੇਸ਼ ਹਨ ਕਿ:

"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ।
ਦੇਹੀ ਰੋਗ ਨ ਲਗਈ ਪਲੈ ਸਭੁ ਕਿਛੁ ਪਾਇ।"

ਜੋ ਪੁਰਸ਼ ਅਸਲ ਵ੍ਰਿਚ ਸਿਆਣਾ ਹੈ, ਭਾਵੇਂ ਤੀਮੀ ਹੋਵੇ ਭਾਵੇਂ ਮਰਦ, ਓਹ ਕਿਸੇ ਨੂੰ ਭੀ ਆਪਣਾ ਵੈਰੀ ਨਹੀਂ ਜਾਣੇਗਾ, ਕਦੀ ਕੁ ਅਸੀ ਇਹ ਵਾਕ ਸੁਣਦੇ ਹਾਂ: "ਕੁਝ ਪ੍ਰਵਾਹ ਨਹੀਂ, ਮੈਂ ਉਸ ਨਾਲ ਨਿਪਟ ਲਵਾਂਗਾ" ਕੀ ਤੁਸੀ ਨਿਪਟ ਲਵੋਗੇ ? ਕਿਸਤਰਾਂ ਨਿਪਟੋਗੇ? ਨਿਪਟਨ ਦੇ ਦੋ ਹੀ ਢੰਗ ਹਨ, ਇਕ ਤਾਂ ਇਹ ਹੈ ਕਿ ਤੁਸੀ ਆਪਣੇ ਖਿਆਲ ਦੇ ਅਨੁਸਾਰ ਉਸਦੇ ਨਾਲ ਅਜਿਹਾ ਵਰਤਾਉ ਕਰੋ, ਜਿਹਾ ਕਿ ਓਹ ਪਰਤੱਖ ਤੁਹਾਡੇ ਨਾਲ ਕਰਦਾ ਹੈ। ਅਰਥਾਤ ਬਦਲੇ ਦਾ ਬਦਲਾ ਮਨ ਵਿਚ ਨਹੀਂ ਰੱਖਣਾ

ਚਾਹੁੰਦੇ ਤਾਂ ਉਸਦਾ ਵਧਾਉਸਦਾ ਉਸੇ ਨੂੰ ਮੋੜੋ, ਪਰ ਜੇ ਤੁਸੀਂ ਇਉਂ ਕਰਦੇ ਹੋ ਤਾਂ ਉਸਦੇ ਬਰਾਬਰ ਤਾਂ ਹੋ ਹੀ ਜਾਉਗੇ, ਕਿੰਤੂ ਆਪ ਭੀ ਉਸੇ ਦੀ ਮੰਦ ਦਸ਼ਾ ਵਿਖੇ ਜਾ ਪਵੋਗੇ ਅਰ ਉਸਤੋਂ ਤੁਸੀ ਦੋਵੇਂ ਨੁਕਸਾਨ ਉਠਾਉਗੇ। ਦੂਜੀ ਹਾਲਤ ਇਹ ਹੈ ਕਿ ਤੁਸੀ ਆਪਣੇ ਆਪ ਨੂੰ ਉਸ ਥੀਂ ਵਧੀਆ ਹਾਲਤ ਵਿਚ ਪ੍ਰਗਟ ਕਰੋ, ਅਰਥਾਤ ਦੁਸ਼ਮਨੀ ਦੇ ਬਦਲੇ ਪਿਆਰ ਅਰ ਬੁਰੇ ਵਰਤਾਉ ਦੇ ਬਦਲੇ ਕ੍ਰਿਪਾਲਤਾ ਦਾ ਵਰਤਾਉ ਕਰੋ, ਇਸਨੂੰ ਭੀ ਬਰਾਬਰ ਹੋਣਾ ਆਖਦੇ ਹਨ, ਅਰ ਇਸਦੇ ਅਰਥ ਇਹ ਹਨ ਕਿ ਤੁਸੀ ਦੂਜੇ ਪੁਰਸ਼ ਨੂੰ ਭੀ ਆਪਣੀ ਉੱਚਤ ਦਸ਼ਾ ਵੱਲ ਲੈ ਆਉਂਦੇ ਹੋ, ਪਰ ਚੇਤੇ ਰੱਖੋ ਕਿ ਜਦ ਤੁਸੀ ਦੂਜੇ ਦੀ ਮੱਦਦ ਕਰਦੇ ਹੋ ਤਾਂ ਉਸ ਕੰਮ ਦੁਆਰਾ ਆਪਣੀ ਭੀ ਮੱਦਦ ਕਰਦੇ ਹੋ ਅਰ ਇਹ ਕਦੀ ਨਹੀਂ ਹੋ ਸਕਦਾ ਕਿ ਤੁਸੀ ਦੂਜੇ ਦੀ ਤਾਂ ਮੱਦਦ ਕਰੋ ਅਰ ਉਸਤੋਂ ਤੁਹਾਨੂੰ ਕੁਝ ਲਾਭ ਨਾਂ ਪੁਜੇ, ਅਰ ਜੇ ਤੁਸੀ ਦੂਜਿਆਂ ਦੀ ਸਹਾਇਤਾ ਕਰਨ ਵਿਖੇ ਖ਼ੁਦੀ (ਹੰਕਾਰ) ਨੂੰ ਛੱਡ ਦਿਓ, ਅਰਥਾਤ ਨਿਰਮਾਨ ਹੋਕੇ ਐਸਾ ਕਰੋ ਅਰ ਆਪਣੇ ਆਪ ਨੂੰ ਭੁਲਾ ਦਿਓ, ਤਾਂ ਇਸਤਰਾਂ ਦੀ ਸੇਵਾ ਕਰਨ ਤੋਂ ਤੁਹਾਨੂੰ ਅਤੀ ਹੀ ਲਾਭ ਪਹੁੰਚੇਗਾ। ਜੇ ਤੁਸੀ ਉਸ ਪੁਰਸ਼ ਨਾਲ ਏਸੇ ਤਰਾਂ ਵਰਤਾਉ ਕਰੋ ਜਿਸਤਰਾਂ ਕਿ ਉਹ ਤੁਹਾਡੇ ਨਾਲ ਕਰਦਾ ਹੈ, ਤਾਂ ਉਸਤੋਂ ਤੁਸੀ ਇਹ ਸਿੱਧ ਕਰਦੇ ਹੋ ਕਿ ਤੁਹਾਡੇ ਵਿਖੇ ਇਕ ਅਜਿਹੀ ਚੀਜ਼ ਹੈ ਜੋ ਦੁਸ਼ਮਨੀ ਅਤੇ ਮੰਦ ਵਰਤਾਉ ਨੂੰ ਤੁਹਾਡੇ ਵਲ ਖਿੱਚਦੀ ਹੈ। ਹੁਣ ਜੋ ਕੁਝ ਤੁਹਾਨੂੰ ਮਿਲ ਰਿਹਾ ਹੈ ਤੁਸੀ ਉਸੇ ਦੇ ਹੱਕਦਾਰ ਹੋ

ਅਰ ਉਸ ਵਿਖੇ ਤੁਹਾਨੂੰ ਚੂੰ ਚਾਂ ਕਰਨ ਦੀ ਕੋਈ ਥਾਂ ਨਹੀਂ ਅਰ ਜੇ ਤੁਸੀ ਸਿਆਣੇ ਹੁੰਦੇ ਤਾਂ ਸ਼ਿਕਾਇਤ ਕਰਦੇ ਹੀ ਨਾਂ। ਦੂਜਾ ਢੰਗ ਗ੍ਰਹਣ ਕਰਨ ਤੋਂ ਤੁਸੀ ਹੱਛੀ ਤਰਾਂ ਆਪਣਾ ਮਤਲਬ ਕੱਢ ਸਕਦੇ ਹੋ, ਤੁਸੀ ਤਾਂ ਆਪਣੇ ਲਈ ਫਤੇ ਪ੍ਰਾਪਤ ਕਰਦੇ ਹੋ ਅਤੇ ਨਾਲ ਹੀ ਉਸ ਪੁਰਸ਼ ਦੀ ਭੀ ਭਾਰੀ ਸੇਵਾ ਕਰਦੇ ਹੋ, ਜਿਸਦੀ ਕਿ ਪ੍ਰਤੱਖ ਉਸਨੂੰ ਬੜੀ ਲੋੜ ਹੈ।

ਇਸ ਢੰਗ ਨਾਲ ਤੁਸੀ ਉਸਦੀ ਖਲਾਸੀ ਦਾ ਕਾਰਨ ਹੋ ਸਕਦੇ ਹੋ ਅਰ ਮੁੜ ਓਹ ਹੋਰਨਾਂ ਭੁਲੇਖੇ ਵਿਚ ਪਿਆਂ ਹੋਇਆਂ ਤੇ ਫਿਕਰਾਂ ਵਿਚ ਦੱਬਿਆਂ ਹੋਇਆਂ ਮਰਦ ਅਤੇ ਇਸਤ੍ਰੀਆਂ ਨੂੰ ਮੁਕਤੀ ਦੇ ਸਕਦਾ ਹੈ,ਵਸ਼ੇਸ਼ ਕਰਕੇ ਏਸ ਗੱਲ ਲਈ ਬਹੁਤ ਸਾਰਾ ਯਤਨ ਆਦਿ ਕਰਨਾ ਪੈਂਦਾ ਹੈ। ਸਾਨੂੰ ਆਪਣੇ ਨਿਤਾਪ੍ਰਤੀ ਦੇ ਜੀਵਨ ਵਿਚ ਜ਼ਿਆਦਾ ਨਰਮੀ ਜਾਂ ਹਲੀਮੀ, ਹਮਦਰਦੀ ਅਤੇ ਦਯਾ ਦੀ ਲੋੜ ਹੈ, ਜਦੋਂ ਸਾਡੀ ਵਾਦੀ ਏਨੀਂ ਦਯਾ ਅਤੇ ਹਮਦਰਦੀ ਪ੍ਰਗਟ ਕਰਨ ਦੀ ਹੋ ਜਾਏਗੀ ਤਾਂ ਅਸੀ ਨਾਂ ਕਿਸੇ ਨੂੰ ਊਜ ਲਾਵਾਂਗੇ ਅਰ ਨਾਂ ਹੀ ਕਿਸੇ ਨੂੰ ਬੁਰਾ ਭਲਾ ਕਹਾਂਗੇ,ਊਜ ਲਾਨ ਜਾਂ ਬੁਰਾ ਬਨਾਨ ਦੀ ਥਾਂ ਅਸੀ ਹਮਦਰਦੀ ਕਰਾਂਗੇ ਅਰ ਪੈਹਲਾਂ ਨਾਲੋਂ ਭੀ ਵਧੀਕ। "ਸਭਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ"

"ਸੁਖ ਦਿਆਂ ਇਕ ਦੂਏ ਰਸਤੇ ਬਿੱਖੜੇ। ਪੈਰ ਥਕੀਂਦੇ ਜਿਸ, ਹੁੱਟਾ ਹੋਇ ਮਨ।ਸਿਰ ਪੁਰ ਭਾਰੀ ਪੰਡ, ਨ ਲੈਂਦਾ ਸਾਰ ਕੋ। ਹੱਥ ਵਟੌਂਦਾ ਭੁੱਲਾਂ ਏਹੋ ਸੁਖ ਲਖ। ਸਭ ਤਾਈਂ ਸੁਖ ਦਿਆਂ, ਹੱਥ

ਵਿਚ ਹੱਥ ਲੈ। ਮਿਠਬੋਲੀ ਕਰ ਪਿਆਰ ਚਿੱਤ ਵਧਾ ਦਿਆਂ। ਅੱਖਾਂ ਭਰੀਆਂ ਪਿਆਰ ਨਾਲ ਤਿਸ ਤੱਕ ਕੇ। ਬਿਨ ਭਾਖੇ ਕਰ ਫਜ਼ਲ, ਉਡੀਕਾਂ ਮਿਟ ਨਾਂ। ਜਦ ਕੇ, ਹੋਟਾ ਭੁੱਖ ਸਤਾਪੇ ਜੀਉਨ ਵਿਚ। ਕੋਮਲ ਬੋਲੀ ਅੰਮ੍ਰਿਤ ਵਾਕੂੰ ਬਲ ਦਏ। ਇਸਤੋਂ ਪਰੇ ਨ ਦੂਈ ਕਾਈ ਗੱਲ ਹੈ। ਉਪਕਾਰ ਪਰਮ ਸੁਖਕਾਰ, ਸਦਾ ਹੀ ਸਭ ਕਹੇਂ।"

"ਇਕ ਦੂਜੇ ਦੀ ਤਸੱਲੀ ਕਰਾਂਗੇ ਅਰ ਜਿੱਥੋਂ ਤਕ ਵਾਹ ਲੱਗਦੀ ਹੋ ਸਕੂ ਦੁਖ ਦਰਦ ਵਿਚ ਦੂਜਿਆਂ ਦਾ ਸਾਥ ਦਿਆਂਗੇ, ਸੰਸਾਰ ਦੇ ਬਿਖੜੇ ਪੰਧ ਅਰ ਔਖੀਆਂ ਘਾਟੀਆਂ ਵਿਚ ਇਕ ਦੂਜੇ ਦਾ ਹੱਥ ਪਕੜ ਕੇ ਲੈ ਜਾਵਾਂਗੇ, ਹਰ ਇਕ ਨਾਲ ਪਿਆਰ ਨਾਲ ਵਰਤਾਉ ਕਰਾਂਗੇ ਅਰ ਇਕ ਦੂਜੇ ਨੂੰ ਪਿਆਰ ਭਰੀ ਦ੍ਰਿਸ਼ਟੀਨਾਲ ਵੇਖਾਂਗੇ ਅਰ ਆਪੋ ਵਿਚ ਮਿੱਠਤ ਨਾਲ ਵਰਤਾਉ ਕਰਾਂਗੇ ਅਰ ਹਰ ਹਾਲਤ ਵਿਚ ਇਕ ਦੂਜੇ ਦੇ ਸਹਾਇਕ ਅਤੇ ਸਾਥੀ ਹੋਵਾਂਗੇ।"

ਅਰਥਾਤ ਜਦੋਂ ਸਾਨੂੰ ਏਸ ਮਹਾਨ ਸਚਾਈ ਦਾ ਗਿਆਨ ਹੋ ਜਾਵੇਗਾ ਕਿ ਸਾਰੀ ਅਗਜਾਨਤਾ ਬਦੀ ਅਤੇ ਪਾਪ ਅਰ ਸਾਰੀਆਂ ਤਕਲੀਫਾਂ ਤੇ ਕਸ਼ਟ ਜੋ ਓਹਨਾਂ ਤੋਂ ਉਤਪਤ ਹੁੰਦੇਹਨ ਏਹਨਾਂ ਸਾਰੀਆਂ ਦਾ ਕਾਰਨ ਮੂੰਰਖਤਾ ਹੈ, ਤਾਂ ਫੇਰ ਅਸੀ ਜਿੱਥੇ ਕਿਧਰੇ ਚਾਹੇ ਕਿਸੇ ਸੂਰਤ ਵਿਚ ਹੋਵਨ ਏਹਨਾਂ ਗੱਲਾਂ ਨੂੰ ਵੇਖੀਏ, ਉਸ ਵੇਲੇ ਜੇਕਰ ਸਾਡੇ ਸੁਭਾਉ ਸ਼ੁਭ ਮਾਰਗ ਤੇ ਹਨ ਤਾਂ ਅਸੀ ਉਸ ਪੁਰਸ਼ ਤੇ ਤਰਸ ਖਾਵਾਂਗੇ ਅਰ ਉਸਨੂੰ ਦਯਾਲਤਾ ਦੀ ਦ੍ਰਿਸ਼ਟੀ

ਨਾਲ ਵੇਖਾਂਗੇ, ਜਿਹੜਾ ਕਿ ਉਕਤ ਮੁਸੀਬਤਾਂ ਵਿਚ ਫਸਿਆ ਹੋਇਆ ਹੈ। ਤਰਸ ਖਾਂਦੇ ਖਾਂਦੇ ਅਸੀ ਉਸਦੇ ਨਾਲ ਪਿਆਰ ਕਰਨ ਲੱਗਾਂਗੇ ਅਰ ਮੁਹੱ-ਬਤ ਦੇ ਪਿੱਛੋਂ ਉਸਦੀ ਮੇਹਰ ਭਰੀ ਸੇਵਾ ਕਰਨ ਲੱਗ ਪਵਾਂਗੇ। ਈਸ਼ਵਰੀ ਢੰਗ ਏਹੋ ਹੀ ਹੈ, ਏਸੇ ਤਰਾਂ ਅਸੀ ਇਕ ਕਮਜ਼ੋਰ ਪੁਰਸ਼ ਨੂੰ ਅਧੀਨ ਕਰਨ ਅਤੇ ਮਧੋਲਨ ਦੀ ਥਾਂ ਉਸ ਡਿਗਦੇ ਪੁਰਸ਼ ਦੀ ਬਾਂਹ ਫੜਾਂਗੇ, ਅਰ ਸਹਾਇਤਾ ਕਰਾਂਗੇ, ਏਥੋਂ ਤਾਈਂ ਕਿ ਓਹ ਆਪਣੇ ਆਪ ਦੇ ਸਾਹਮਣੇ ਖੜਾ ਹੋ ਸਕੇ ਅਰ ਸੁਤੰਤ੍ਰ ਹੋ ਜਾਏ। ਪਰ ਸਾਰਾ ਜੀਵਨ ਅੰਦਰ ਥੀਂ ਬਾਹਰ ਵੱਲ ਵਧਦਾ ਫੁੱਲਦਾ ਹੋਣ ਕਰਕੇ ਉਹੀ ਪੁਰਸ਼ ਪੂਰਾ ੨ ਮਾਲਕ ਹੋ ਸਕੇਗਾ, ਜਿਸਨੂੰ ਕਿ ਆਪਣੇ ਅੰਦਰ ਉਸਦੇ ਆਪਣੇ ਅਸਲੀ ਆਦ੍ਰਸ਼ ਅਰਥਾਤ ਸ੍ਵੈ ਸਰੂਪ ਦਾ ਗਿਆਨ ਹੋ ਜਾਂਦਾ ਹੈ, ਅਰ ਉਸਤੋਂ ਉਹ ਉੱਚ ਤੋਂ ਉੱਚ ਨਿਯਮਾਂ ਨੂੰ ਸਮਝਣ ਲੱਗ ਪੈਂਦਾ ਹੈ ਅਰ ਦੂਜੇ ਇਸ ਗਿਆਨ ਦੇ ਪੈਦਾ ਕਰਨ ਵਿਚ ਸਫਲਤਾ ਹੋਣ ਦਾ ਇਸ ਤੋਂ ਛੁਟ ਹੋਰ ਕੋਈ ਢੰਗ ਨਹੀਂ ਹੈ ਕਿ ਅਸੀ ਆਪਣੇ ਚਲਨ ਅਤੇ ਤ੍ਰੀਕੇ ਤੋਂ ਆਪਣੀ ਅੰਦਰ ਦੀ ਈਸ਼ਵਰੀ ਸੱਤਿਆ ਜਾਂ ਸ੍ਵੈ ਸ੍ਵਰੂਪ ਨੂੰ ਪ੍ਰਗਟ ਕਰੀਏ।

ਉਦਾਹਰਣ ਥੀਂ ਕੰਮ ਲਵੋ ਨਾਂਕਿ ਸਿੱਖ੍ਯਾ ਤੋਂ, ਬਾਹਲੀਆਂ ਠਿੱਸਾਂ ਤੋਂ ਨਹੀਂ ਸਗੋਂ ਆਪਣੇ ਚਲਨ ਅਰ ਬਰਤਾਉ ਤੋਂ ਕੰਮ ਲਵੋ, ਕਿਸੇ ਗੱਲ ਦਾ ਪ੍ਰਣ ਜਾਂ ਇਕ-ਰਾਰ ਕਰਨਾਂ ਕਾਫੀ ਨਹੀਂ ਸਗੋਂ ਆਪ ਉਸਨੂੰ ਕਰਕੇ ਵਖਾਓ, ਕੇਵਲ ਅਸੂਲਾਂ ਤੇ ਝਗੜਾ ਕਰਨਾਂ ਹੀ ਕਾਫੀ

ਨਹੀਂ ਕਿ ਇਉਂ ਜੀਵਨ ਬਤੀਤ ਕਰਨਾਂ ਚਾਹੀਦਾ ਹੈ, ਸਗੋਂ ਉਸ ਉੱਤੇ ਅਮਲ ਕਰਕੇ ਦੁਖਾਓ। ਕਰਤੱਵਜ ਜਾਂ ਅਮਲ ਥੀਂ ਜਿਹਾ ਹੋਰਨਾਂ ਤੇ ਅਸਰ ਹੁੰਦਾ ਹੈ ਹੋਰ ਕਿਸੇ ਗੱਲ ਤੋਂ ਨਹੀਂ ਹੋ ਸਕਦਾ। ਸੱਚ ਕਿਹਾ ਹੈ ਕਿ ਵਿੱਦਯਾ ਬਿਨਾਂ ਅਮਲ ਦੇ ਕਿਸੇ ਕੰਮ ਦੀ ਨਹੀਂ, ਜੋ ਕੁਝ ਅਸੀ ਬੀਜਦੇ ਹਾਂ ਓਹੀ ਕੱਟਦੇ ਹਾਂ "ਜੇਹਾ ਬੀਜੇ ਸੋ ਲੁਣੇ" ਜਾਂ ਜੋ ਚੀਜ਼ ਬੀਜੀ ਜਾਂਦੀ ਹੈ ਉਹੀਂ ਉੱਗਦੀ ਹੈ, ਅਸੀ ਕੇਵਲ ਦੂਜੇ ਪੁਰਸ਼ ਨੂੰ ਪ੍ਰਤੱਖ ਸਰੀਰਕ ਸਦਮਿਆਂ ਨਾਲ ਹੀ ਨਹੀਂ ਮਾਰ ਸਕਦੇ ਸਗੋਂ ਹਰ ਇਕ ਵਿਰੋਧੀ ਅਤੇ ਦੁਸ਼ਮਨੀ ਭਰੇ ਖਿਆਲ ਨਾਲ ਭੀ ਉਸਨੂੰ ਮਾਰ ਸਕਦੇ ਤੇ ਮਾਰਦੇ ਹਾਂ, ਅਰ ਜਦੋਂ ਅਸੀ ਉਸਨੂੰ ਮਾਰ ਦੇਂਦੇ ਹਾਂ ਤਾਂ ਅਸੀ ਆਪ ਭੀ ਮਰ ਜਾਂਦੇ ਹਾਂ। ਬਹੁਤ ਸਾਰੇ ਪੁਰਸ਼ ਆਸ ਪਾਸ ਵਰਤੀ ਹੋਰਨਾਂ ਲੋਕਾਂ ਦੀ ਬਾਬਤ ਬੁਰਾਈ ਦੇ ਖਿਆਲ ਆਪਣੇ ਅੰਦਰ ਪੈਦਾ ਕਰਨ ਤੋਂ ਬੀਮਾਰ ਹੋ ਗਏ ਹਨ, ਅਰ ਬਾਜੇ ਤਾਂ ਅਸਲ ਵਿਚ ਮ੍ਰਿਤੂ ਹੀ ਹੋ ਗਏ ਹਨ। ਸੰਸਾਰ ਵਿਚ ਘ੍ਰਿਣਾਂ ਦੇ ਪਸਾਰਨ ਤੋਂ ਅਸੀ ਉਸਨੂੰ ਅਸਲ ਵਿਚ ਦੋਜ਼ਖ ਬਣਾ ਦੇਂਦੇ ਹਾਂ, ਅਰ ਉਸਦੇ ਉਲਟ ਸੰਸਾਰ ਵਿਚ ਪਿਆਰ ਪੈਦਾ ਕਰਨ ਤੋਂ ਅਸੀ ਉਸਨੂੰ ਅਸਲ ਵਿਚ ਇਕ ਸੁੰਦਰ ਅਤੇ ਸੁਰਗ ਦਾ ਸ਼ਾਨਦਾਰ ਨਮੂਨਾਂ ਬਣਾ ਦੇਂਦੇ ਹਾਂ।

ਜੋ ਪੁਰਸ਼ ਪਿਆਰ ਨਹੀਂ ਕਰਦਾ ਓਹ ਜੀਊਂਦਾ ਭੀ ਨਹੀਂ ਜਾਂ ਉਸਦਾ ਜੀਊਣਾਂ ਮੁਰਦੇ ਦੀ ਨਿਆਈਂ ਹੈ, ਅਰਥਾਤ ਜੇ ਜ਼ਿੰਦਾ ਹੈ ਤਾਂ ਉਸਨੂੰ ਜੀਊਂਦੇ ਕਬਰ ਵਿਚ ਪਿਆ ਸਮਝਣਾ ਚਾਹੀਦਾ ਹੈ। ਜੋ ਪੁਰਸ਼ ਸਭ ਨਾਲ

ਪਿਆਰ ਅਤੇ ਪ੍ਰੀਤੀ ਕਰਦਾ ਹੈ ਉਸਦਾ ਜੀਵਨ ਪੂਰਣ ਹੈ, ਅਤੇ ਸ਼ੁਭ ਗੁਣਾਂ ਨਾਲ ਭਰਪੂਰ ਹੈ ਤੇ ਸਦੀਵ ਬਲਵਾਨ ਅਤੇ ਸੁੰਦਰ ਹੁੰਦਾ ਜਾਂਦਾ ਹੈ, ਅਜੇਹਾ ਜੀਵਨ ਬੜਾ ਸੁਤੰਤ੍ਰ ਤੇਜ ਪ੍ਰਾਕਰਮ ਵਾਲਾ ਅਤੇ ਖੁਲ੍ਹਾ ਡੁਲ੍ਹਾ ਹੈ। ਇਸਤ੍ਰੀ ਅਰ ਪੁਰਸ਼ ਜਿੰਨੇ ਵਧੇਰੇ ਖੁਲ੍ਹੇ ਦਿਲ ਵਾਲੇ ਹੋਣਗੇ ਉੱਨੀ ਹੀ ਓਹਨਾਂ ਦੀ ਮੁਹੱਬਤ ਅਤੇ ਮਿਤ੍ਰਤਾ ਵਧੇਰੇ ਹੋਵੇਗੀ, ਜੇ ਓਹ ਦਿਲ ਦੇ ਤੰਗ ਹਨ ਤਾਂ ਓਹਨਾਂ ਦੇ ਸੁਭਾਉ ਕਮੀਨੇ ਅਤੇ ਹੋਛੇ ਹੋਣਗੇ, ਅਤੇ "ਅਕੱਲ ਪੁਣਾ" ਪਸੰਦ ਕਰਨਗੇ। ਹਰ ਇਕ ਪੁਰਸ਼ ਜੋ ਮੂਰਖ ਜਾਂ ਸੁਦਾਈ ਹੈ ਸਭ ਤੋਂ ਅੱਡ ਰਹਿ ਸਕਦਾ ਹੈ, ਇਹ ਬਹੁਤ ਸੌਖੀ ਗੱਲ ਹੈ, ਪਰ ਆਮ ਨਾਲ ਮੁਹੱਬਤ ਰੱਖਣੀ ਅਤੇ ਹਰ ਇਕ ਨਾਲ ਪਿਆਰ ਦਾ ਵਰਤਾਉ ਕਰਨਾਂ ਇਹ ਵਿਰਲਿਆਂ ਦਾ ਕੰਮ ਹੈ। ਜੋ ਮਰਦ ਜਾਂ ਤੀਵੀਂ ਆਪਣੇ ਆਪ ਨੂੰ ਚੰਗਾ ਜਾਨਣ ਵਾਲੇ ਅਤੇ ਛੋਟੇ ਦਿਲ ਵਾਲੇ ਹਨ, ਅਤੇ ਖੁਦੀ ਦੇ ਗੁਲਾਮ ਅਰ ਆਪਣੇ ਵਾਸਤੇ ਅਰਾਮ ਪਸੰਦ ਕਰਨੇ ਵਾਲੇ ਹਨ, ਉਹੀ ਅੱਡ ਹਨ, ਪਰ ਜੋ ਤੀਵੀਂ ਵਾ ਮਰਦ ਖੁਲ੍ਹੇ ਤੇ ਵੱਡੇ ਦਿਲ ਵਾਲੇ, ਸੁਭਾਉ ਦੇ ਚੰਗੇ ਅਤੇ ਮਾਨ ਰਹਿਤ ਹਨ ਓਹ ਕਦੀ ਭੀ ਹੋਰਨਾਂ ਲੋਕਾਂ ਨਾਲੋਂ ਅੱਡ ਨਹੀਂ ਹਨ। ਛੋਟੇ ਦਿਲ ਵਾਲਾ ਪੁਰਸ਼ ਹੀ ਸਫਲਤਾ ਜਾਂ ਹੱਛੇ ਭਾਵ ਦੀ ਪ੍ਰਾਪਤੀ ਲਈ ਯਤਨ ਉਪ੍ਰਾਲਾ ਕਰਦਾ ਹੈ, ਪਰ ਵੱਡੇ ਦਿਲ ਵਾਲਾ ਕਦਾਚਿੱਤ ਅਜੇਹਾ ਨਹੀਂ ਕਰਦਾ। ਪਹਿਲਾ ਪੁਰਸ਼ ਏਧਰ ਓਧਰ ਫਿਰਦਾ ਰਹਿੰਦਾ ਹੈ ਏਸ ਵਾਸਤੇ ਕਿ ਓਹ ਲੋਕਾਂ ਦੀ ਨਜ਼ਰ ਵਿਚ ਮਨਜ਼ੂਰ ਹੋ ਜਾਏ ਅਰ ਸੰਸਾਰੀ ਲੋਕ ਉਸਦੇ

ਨਾਲ ਪਿਆਰ ਕਰਨ ਲੱਗ ਪੈਣ ਪਰ ਦੂਜਾ ਪੁਰਸ਼ ਘਰ ਵਿਚ ਹੀ ਬੈਠਾ ਰਹਿੰਦਾ ਹੈ, ਅਤੇ ਸੰਸਾਰੀ ਲੋਕਾਂ ਨੂੰ ਆਪਣੇ ਵੱਲ ਖਿੱਚ ਪੈਂਦਾ ਹੈ। ਪਹਿਲਾ ਪੁਰਸ਼ ਤਾਂ ਖ਼ੁਦੀ ਦਾ ਚਾਹਵਾਨ ਹੈ ਅਰ ਕੇਵਲ ਆਪਣੇ ਹੀ ਨਾਲ ਪਿਆਰ ਕਰਦਾ ਹੈ, ਪਰ ਦੂਜਾ ਪੁਰਸ਼ ਸਾਰੀ ਦੁਨੀਆਂ ਨਾਲ ਪਿਆਰ ਕਰਦਾ ਹੈ ਅਰ ਇਸ ਖੁਲ੍ਹੇ ਪਿਆਰ ਵਿਚ ਓਹ ਆਪ ਭੀ ਸ਼ਾਮਲ ਹੈ।

ਅਸਲ ਵਿਚ ਇਹ ਗੱਲ ਠੀਕ ਹੈ ਕਿ ਜਿੰਨਾ ਕੋਈ ਪੁਰਸ਼ ਵਧੇਰੇ ਪਿਆਰ ਕਰੇਗਾ ਉੱਨੀ ਹੀ ਓਹ ਪਮਾਤਮਾਂ ਦੀ ਸਮੀਪਤਾ ਪ੍ਰਾਪਤ ਕਰੇਗਾ, ਕਿਉਂਕਿ ਈਸ਼ਵਰ ਅਪਾਰ ਪਿਆਰ ਦੀ ਆਤਮਾਂ ਹੈ, ਅਰ ਜਦ ਅਸੀ ਉਸ ਅਪਾਰ ਆਤਮਾਂ ਨਾਲ ਆਪਣੀ ਏਕਤਾ ਦਾ ਅਨਭਉ ਪ੍ਰਾਪਤ ਕਰ ਲੈਂਦੇ ਹਾਂ, ਤਦੋਂ ਦੈਵੀ ਪ੍ਰੇਮ ਸਾਡੇ ਅੰਦਰ ਏਨਾਂ ਭਰ ਜਾਂਦਾ ਹੈ ਕਿ ਉਸਤੋਂ ਸਾਡੇ ਜੀਵਨ ਮਾਲਾ ਮਾਲ-ਤੇ ਭਰਪੂਰ ਹੋਕੇ ਫੇਰ ਆਪਣੇ ਆਪ ਤੋਂ ਸਾਰੇ ਸੰਸਾਰ ਦੇ ਲੋਕਾਂ ਦੇ ਜੀਵਨਾਂ ਨੂੰ ਭੀ ਮਾਲਾ ਮਾਲ ਕਰ ਦੇਂਦੇ ਹਨ।

ਜਦੋਂ ਅਸੀ ਏਸ ਅਪਾਰ ਜੀਵਨ ਨਾਲ ਏਕਤਾ ਦਾ ਗਿਆਨ ਪ੍ਰਾਪਤ ਕਰ ਲੈਂਦੇ ਹਾਂ ਤਦੋਂ ਤਤਕਾਲ ਹੀ ਅਸਾਨੂੰ ਆਪਣੇ ਵਰਗੇ ਜੀਵਾਂ ਨਾਲ ਸੱਚੇ ਸਨਬੰਧ ਦਾ ਗਿਆਨ ਭੀ ਹੋ ਜਾਂਦਾ ਹੈ। ਅਸੀ ਉਸ ਪ੍ਰਧਾਨ ਨਿਯਮ ਦੇ ਅਨੁਸਾਰ ਵਰਤਨ ਲੱਗ ਪੈਂਦੇ ਹਾਂ, ਅਰਥਾਤ ਅਸੀ ਹੋਰਨਾਂ ਦੀ ਸੇਵਾ ਵਿਚ ਖ਼ੁਦੀ (ਆਪੇ) ਨੂੰ ਭੁਲ ਜਾਂਦੇ ਹਾਂ। ਸਾਨੂੰ ਏਸ ਸਚਾਈ ਦਾ ਗਿਆਨ ਹੋ ਜਾਂਦਾ ਹੈ ਕਿ ਸਾਡੇ

ਸਾਰਿਆਂ ਦੇ ਜੀਵਨ ਇਕ ਹਨ ਅਰ ਏਸੇ ਵਾਸਤੇ ਅਸੀ ਸਾਰੇ ਸਰਬ ਸਮੁੱਚਜ ਇਕ ਅਕਾਲ ਪੁਰਖ ਦੇ ਅੰਸ ਹਾਂ। ਫੇਰ ਅਸੀ ਇਹ ਸਮਝਨ ਲੱਗ ਪੈਂਦੇ ਹਾਂ ਕਿ ਜੇ ਅਸੀ ਦੂਜਿਆਂ ਲਈ ਕੰਮ ਕਰਾਂਗੇ, ਜਾਂ ਦੂਸਰਿਆਂ ਨੂੰ ਕੁਝ ਲਾਭ ਪੁਚਾਵਾਂਗੇ, ਤਾਂ ਨਾਲ ਹੀ ਅਸੀ ਆਪਣੇ ਵਾਸਤੇ ਭੀ ਓਹੀ ਕੰਮ ਕਰਾਂਗੇ ਅਰ ਆਪਣੇ ਆਪ ਨੂੰ ਭੀ ਲਾਭ ਪੁਚਾਵਾਂਗੇ। ਸਾਨੂੰ ਇਹ ਭੀ ਗਿਆਨ ਹੋ ਜਾਂਦਾ ਹੈ ਕਿ ਜੇ ਅਸੀ ਦੂਜੇ ਨੂੰ ਨੁਕਸਾਨ ਪੁੰਚਾਵਾਂਗੇ, ਤਾਂ ਸਾਨੂੰ ਭੀ ਨੁਕਸਾਨ ਪਹੁੰਚੇਗਾ (ਕਯੋਂਕਿ ਇਹ ਹੋ ਨਹੀਂ ਸਕਦਾ ਕਿ ਅਸੀ ਦੂਜੇ ਨੂੰ ਤਾਂ ਨੁਕਸਾਨ ਪੁਚਾਈਏ ਅਰ ਸਾਨੂੰ ਹਾਨੀ ਨਾਂ ਪਹੁੰਚੇ) ਅਸੀ ਇਹ ਭੀ ਨਿਸਚੇ ਕਰ ਲੈਂਦੇ ਹਾਂ ਕਿ ਜੋ ਪੁਰਸ਼ ਆਪਣੇ ਵਾਸਤੇ ਜੀਉਂਦਾ ਹੈ, ਓਹ ਇਕ ਤੁਛ ਅਲਪ ਮਾਤ੍ਰ ਅਤੇ ਕਮੀਨਾਂ ਜੀਵਨ ਬਤੀਤ ਕਰਦਾ ਹੈ, ਕਿਉਂਕਿ ਉਸਦਾ ਹੋਰਨਾਂ ਪੁਰਸ਼ਾਂ ਦੇ ਮਹਾਨ ਜੀਵਨ ਵਿਚ ਉੱਨਾ ਭਲਾ ਹਿੱਸਾ ਨਹੀਂ ਹੁੰਦਾ (ਅਰ ਉਸਤੋਂ ਹੋਰਨਾਂ ਨੂੰ ਭੀ ਕੁਝ ਲਾਭ ਨਹੀਂ ਪਹੁੰਚਦਾ) ਪਰ ਜੋ ਪੁਰਸ਼ ਦੂਜਿਆਂ ਦੀ ਸੇਵਾ ਵਿਖੇ ਆਪਣੇ ਜੀਵਨ ਨੂੰ ਭੁਲ ਜਾਂਦਾ ਹੈ, ਉਸਤੋਂ ਉਸਦੀ ਆਪਣੀ ਜ਼ਿੰਦਗੀ ਹਜ਼ਾਰ ਗੁਣਾਂ ਕੀ, ਸਗੋਂ ਲੱਖ ਗੁਣਾਂ ਵਧ ਜਾਂਦੀ ਹੈ ਅਰ ਨਿਆਮਤਾਂ ਤੇ ਬਰਕਤਾਂ ਨਾਲ ਭਰਪੂਰ ਹੋ ਜਾਂਦੀ ਹੈ ਅਰ ਏਸ ਮਹਾਨ ਪ੍ਰਭੂ ਦੇ ਹਰ ਇਕ ਜੁਜ਼ ਜਾਂ ਅੰਗ ਨੂੰ ਜੋ ਹਰ ਪ੍ਰਕਾਰ ਦੀ ਖੁਸ਼ੀ, ਸਰੂਰ ਜਾਂ ਹਰ ਅਮੋਲਕ ਵਸਤ ਮਿਲਦੀ ਹੈ, ਓਹ ਉਸ ਪੁਰਸ਼ ਨੂੰ ਭੀ ਮਿਲਦੀ ਹੈ, ਕਿਉਂਕਿ ਓਹ ਹਰ ਮਨੁਸ਼ ਮਾਤ੍ਰ ਅਤੇ ਸਰਵ ਵਜਾਪਕ

ਆਤਮਾਂ ਦੇ ਜੀਵਨ ਵਿਖੇ ਹਿੱਸੇਦਾਰ ਹੁੰਦਾ ਹੈ।
"ਮੁਰਦਾ ਉਸਨੂੰ ਆਖੀਏ ਜੀਇ ਜੁ ਅਪਨੇ ਹੇਤ।
ਜੀਊਂਦਾ ਕਹੀਏ ਤਾਂਹਿ ਕੋ ਪ੍ਰਾਣ ਔਰ ਹਿਤ ਦੇਤ।"

ਏਥੇ ਅਸੀ ਸੱਚੀ ਸੇਵਾ ਦੀ ਬਾਬਤ ਕੁਝ ਕਹਿਣਾ ਚਾਹੁੰਦੇ ਹਾਂ।ਪੀਟਰ ਅਤੇ ਜੌਨ ਇਕ ਦਿਹਾੜੇ ਮੰਦਰ ਨੂੰ ਜਾ ਰਹੇ ਸਨ ਅਰ ਜਦੋਂ ਓਹ ਦਰਵਾਜ਼ੇ ਦੇ ਅੰਦਰ ਵੜਨ ਲੱਗੇ,ਤਾਂ ਓਹਨਾਂ ਨੂੰ ਇਕ ਅਤਿੱਖੀ ਲੰਗੜਾ ਮਿਲਿਆ, ਉਸਨੇ ਓਹਨਾਂ ਕੋਲੋਂ ਕੁਝ ਦਾਨ ਮੰਗਿਆ, ਪੀਟਰ ਨੇ ਇਹ ਨਹੀਂ ਕੀਤਾ ਕਿ ਉਸ ਲੰਗੜੇ ਨੂੰ ਉਸ ਦਿਹਾੜੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੁਝ ਦੇ ਦੇਵੇ ਅਰ ਫੇਰ ਦੂਜੇ ਦਿਨਾਂ ਵਾਸਤੇ ਉਸਨੂੰ ਉਸੇ ਅਨਾਥ ਹਾਲਤ ਵਿਚ ਛੱਡ ਦੇਵੇ, ਸਗੋਂ ਉਸਨੇ ਉਸਦੀ ਅਸਲੀ ਸੇਵਾ ਕੀਤੀ, ਮਾਨੋਂ ਉਸਨੇ ਸਾਰੇ ਮਨੁਸ਼ ਮਾਤ੍ਰ ਦੇ ਵਾਸਤੇ ਸੱਚੀ ਸੇਵਾ ਕੀਤੀ, ਜਦੋਂ ਕਿ ਉਸਨੇ ਇਹ ਆਖਿਆ ਕਿ ਮੇਰੇ ਪਾਸ ਰੁਪੈ ਪੈਸੇ ਤਾਂ ਨਹੀਂ ਹਨ, ਪਰ ਜੋ ਕੁਝ ਮੇਰੇ ਪਾਸ ਹੈ ਮੈਂ ਤੈਨੂੰ ਦੇਂਦਾ ਹਾਂ। ਇਹ ਆਖਕੇ ਉਸਨੇ ਉਸਨੂੰ ਪੂਰਣ ਬਨਾ ਦਿੱਤਾ,ਭਾਵ ਉਸਨੇ ਉਸਨੂੰ ਅਜੇਹੀ ਹਾਲਤ ਵਿਚ ਕਰ ਦਿੱਤਾ ਕਿ ਓਹ ਆਪਣੀ ਮੱਦਦ ਆਪ ਕਰ ਸਕੇ, ਜਾਂ ਇਉਂ ਆਖੋ ਕਿ ਦੂਜੇ ਲਈ ਵੱਡੀ ਤੋਂ ਵੱਡੀ ਸੇਵਾ ਜੋ ਅਸੀ ਕਰ ਸਕਦੇ ਹਾਂ ਇਹ ਹੈ ਕਿ ਅਸੀ ਉਸਨੂੰ ਇਸ ਯੋਗ ਬਨਾ ਦੇਈਏ ਕਿ ਓਹ ਆਪਣੀ ਮੱਦਦ ਆਪ ਕਰ ਸਕੇ। ਜਿਸ ਚੀਜ਼ ਦੀ ਕਿਸੇ ਖਾਸ ਵੇਲੇ ਸਿਰ ਕਿਸੇ ਪੁਰਸ਼ ਨੂੰ ਲੋੜ ਹੈ, ਜੇ ਓਹੀ ਚੀਜ਼ ਉਸਨੂੰ ਪੂਰੀ ਕਰ ਦਿੱਤੀ ਜਾਵੇ, ਅਰਥਾਤ ਉਸਦੀ ਕੇਵਲ ਵਰਤਮਾਨ

ਲੋੜ ਪੂਰੀ ਕਰ ਦਿੱਤੀ ਜਾਵੇ, ਤਾਂ ਸੰਭਵ,ਹੈ ਕਿ ਉਸਤੋਂ ਉਸਦੀ ਹਾਲਤ ਵਿਚ ਕਮਜ਼ੋਰੀ ਆ ਜਾਵੇ, ਭਾਵੇਂ ਇਹ ਹਰ ਹਾਲਤ ਵਿਚ ਜ਼ਰੂਰੀ ਨਹੀਂ। ਇਸ ਕਮਜ਼ੋਰੀ ਦਾ ਆਉਣਾ ਜਾਂ ਨਾਂ ਆਉਣਾ ਵਰਤੋਂ ਤੇ ਨਿਰਭਰ ਹੈ, ਪਰ ਜੇ ਕਿਸੇ ਪੁਰਸ਼ ਦੀ ਇਸ ਢੰਗ ਨਾਲ ਸਹਾਇਤਾ ਕੀਤੀ ਜਾਵੇ ਕਿ ਓਹ ਆਪਣੀ ਮੱਦਦ ਆਪ ਕਰ ਸਕੇ, ਤਾਂ ਉਸਤੋਂ ਉਸ ਵਿਖੇ ਨਿਰਬਲਤਾ ਕਦਾਚਿਤ ਪੈਦਾ ਨਹੀਂ ਹੁੰਦੀ, ਸਗੋਂ ਉਸਤੋਂ ਉਸਨੂੰ ਸਦੀਵ ਪੁਸ਼ਟੀ ਹੁੰਦੀ ਹੈ ਅਰ ਉਸਦੀ ਹਿੰਮਤ ਵਧਦੀ ਹੈ, ਕਿਉਂਕਿ ਉਸਤੋਂ ਉਸਨੂੰ ਵਧੇਰੇ ਖੁੱਲ੍ਹਾ ਅਤੇ ਬਲਵਾਨ ਜੀਵਨ ਪ੍ਰਾਪਤ ਹੁੰਦਾ ਹੈ।

ਇਸ ਲੋੜ ਦੇ ਪੂਰਾ ਕਰਨ ਵਾਸਤੇ ਕਿ ਦੂਜਾ ਪੁਰਸ਼ ਆਪਣੀ ਮੱਦਦ ਆਪ ਕਰ ਸਕੇ, ਇਸਤੋਂ ਚੰਗਾ ਹੋਰ ਕੋਈ ਢੰਗ ਨਹੀਂ ਹੈ ਕਿ ਓਹ ਆਪਣੇ ਸ੍ਵੈ ਸਰੂਪ ਦਾ ਗਿਆਤਾ ਹੋ ਜਾਵੇ, ਉਸਦੇ ਵਾਸਤੇ ਕਿ ਓਹ ਪੁਰਸ਼ ਆਪਣੀ ਅਸਲੀਅਤ ਅਤੇ ਆਪਣੇ ਆਪ ਨੂੰ ਜਾਨਣ ਲੱਗ ਪਵੇ, ਇਸਤੋਂ ਚੰਗੀ ਹੋਰ ਕੋਈ ਜੁਗਤੀ ਨਹੀਂ ਕਿ ਓਹ ਓਹਨਾਂ ਸ਼ਕਤੀਆਂ ਤੋਂ ਜਾਣੂੰ ਕੀਤਾ ਜਾਵੇ ਜੋ ਉਸਦੀ ਆਤਮਾਂ ਦੇ ਅੰਦਰ ਸੁੱਤੀਆਂ ਪਈਆਂ ਹਨ ਅਰ ਓਹਨਾਂ ਸੁੱਤੀਆਂ ਪਈਆਂ ਸ਼ਕਤੀਆਂ ਜਗਾਵਣ ਲਈ ਇਸਤੋਂ ਬੜੀ ਛੇਤੀ ਤੇ ਚੰਗੀ ਤਰਾਂ ਚੰਗਾ ਢੰਗ ਹੋਰ ਕੋਈ ਨਹੀਂ ਹੈ ਕਿ ਓਹ ਅਪਾਰ ਜੀਵਨ ਸੱਤਾ ਨਾਲ ਆਪਣੀ ਏਕਤਾ ਦੇ ਯਥਾਰਥ ਅਨਭਉ ਨੂੰ ਚੰਗੀ ਤਰਾਂ ਸਮਝ ਲਵੇ, ਤਾਂ ਜੋ ਓਹ ਇਸ ਈਸ਼੍ਵਰੀ ਰੌ ਨੂੰ ਆਪਣੇ

ਅੰਦਰ ਆਉਨ ਲਈ ਵਿਕਾਸਿਤ ਕਰ ਦੇਵੇ, ਇਸ ਵਾਸਤੇ ਕਿ ਇਹ ਈਸ਼ੁਰੀ ਸੱਤਾ ਉਸ ਪੁਰਸ਼ ਦੁਆਰਾ ਕੰਮ ਕਰ ਅਤੇ ਆਪਣੇ ਜੌਹਰ ਵਿਖਾਲ ਸਕੇ।

ਸਾਨੂੰ ਪਤਾ ਲੱਗ ਜਾਵੇਗਾ ਕਿ ਏਹਨਾਂ ਹੀ ਵੱਡੇ ਵੱਡੇ ਪ੍ਰਸ਼ਨਾਂ (ਮਸਲਿਆਂ) ਤੋਂ ਸਾਡੀ ਭਾਈਚਾਰਕ ਹਾਲਤ ਸੁਧਰ ਸਕਦੀ ਹੈ ਅਰ ਇਹ ਭੀ ਸਹੀ ਹੋਜਾਵੇਗਾ ਕਿ ਜਦੋਂ ਤਾਈਂ ਅਸਾਨੂੰ ਓਹਨਾਂ ਦਾ ਗਿਆਨ ਨਹੀਂ ਹੋਵੇਗਾ ਅਰ ਜਦੋਂ ਤਾਈਂ ਅਸੀ ਓਹਨਾਂ ਮਸਲਿਆਂ ਨੂੰ ਅਮਲੀ ਤੌਰ ਤੇ ਨਾਂ ਵਰਤਾਂਗੇ, ਤਦੋਂ ਤਾਈਂ ਸਾਡਾ ਪੂਰਾ ਤੇ ਪੱਕਾ ਇਲਾਜ ਕਦੀ ਭੀ ਨਹੀਂ ਹੋ ਸਕੇਗਾ।

ਸਭਨਾਂ ਮੱਧੇ ਰਵਿਆ ਇੱਕੋ, ਸਭ ਸੋਂ ਕਰਿਆ
ਬਨੇ ਪਿਆਰ। "ਵਾਸੁਦੇਵ ਸਭ ਹੂ ਮੈਂ ਰਵਿਆ"
"ਊਨ ਨ ਕਤਹੂੰ" ਤਜੀਏ ਰਾਰ। ਇਕ ਦੂਏ ਨੂੰ
ਇਕ ਸਮ ਜਾਨਤਿ, ਸੇਵ ਭਾਉ ਵਰਤੋ ਹਿਤ ਧਾਰ।
ਬੱਕਲ ਅੰਦਰਿ ਖਾਲਕ ਵੱਸੇ, ਜੋ ਖਲਕਤ ਦਾ
ਸਿਰਜਨ ਹਾਰ।

੬. ਸੱਚੀ ਸਿਆਣਪ (ਦ੍ਵਿੱਬ ਦ੍ਰਿਸ਼ਟੀ) ਅਤੇ ਅੰਤ੍ਰੀਵ ਆਤਮਕ ਬਾਣੀ

(ਇਲਹਾਮ)

"ਧੁਰਾ ਧੁਰਾਹੂ ਧਾਰਿਐ ਧੁਰ ਬਚ ਧਰ ਧੁਰ ਧਾਮ।

ਬਾਟ ਘਾਟ ਧੁਰ ਧੀਰਤਾ ਮੱਤਾ ਸ੍ਰੀ ਸਤਿਨਾਮ ।"

ਇਹ ਅਪਾਰ ਸਿਆਣਪ ਦੀ ਆਤਮਾਂ ਹੈ ਅਰ ਜਿੰਨਾ ਅਸੀ ਏਸ ਰੌ ਨੂੰ ਆਪਣੇ ਅੰਦਰ ਆਉਣ ਦਿਆਂਗੇ, ਓਨੀਂ ਹੀ ਪਰਮ ਉੱਤਮ ਦਰਜੇ ਦੀ ਸਿਆਣਪ ਸਾਡੇ ਲਈ ਅਤੇ ਸਾਡੇ ਦੁਆਰਾ ਹੋਰਨਾਂ ਵਾਸਤੇ ਆਪਣੇ ਆਪ ਨੂੰ ਪ੍ਰਕਾਸ਼ਤ ਕਰੇਗੀ, ਇਸਤਰਾਂ ਨਾਲ ਅਸੀ ਸ੍ਰਿਸ਼ਟੀ ਦੇ ਐਨ ਮਧ ਵਿਖੇ ਪੁਜ ਸਕਦੇ ਹਾਂ ਅਤੇ ਜੋ ਭੇਤ ਬਹੁਤ ਸਾਰੇ ਲੋਕਾਂ ਲਈ ਗੁੱਝੇ ਹਨ ਓਹਨਾਂ ਨੂੰ ਮਲੂਮ ਕਰ ਸਕਦੇ ਹਾਂ। ਏਹ ਭੇਤ ਏਹਨਾਂ ਹੀ ਲੋਕਾਂ ਤੋਂ ਗੁੱਝੇ ਹਨ, ਭਾਵੇਂ ਆਪ ਤੇ ਗੁੱਝੇ ਨਹੀਂ ਭੀ।

ਅਤੀ ਉੱਤਮ ਦਰਜੇ ਦੀ ਸਿਆਣਪ ਅਤੇ ਦਿੱਬਜ ਦ੍ਰਿਸ਼ਟੀ ਪ੍ਰਾਪਤ ਕਰਨ ਵਾਸਤੇ ਕੇਵਲ ਆਪਣੇ ਆਗੂ ਈਸ਼੍ਵਰ ਪੁਰ ਹੀ ਨਿਰਾ ਪੁਰਾ ਭਰੋਸਾ ਰੱਖਣਾ ਚਾਹੀਦਾ ਹੈ, ਈਸ਼੍ਵਰ ਪ੍ਰਮਾਤਮਾਂ ਤੋਂ ਛੁਟ ਹੋਰ ਕੋਈ ਵਸੀਲਾ ਨਹੀਂ ਹੋਣਾ ਚਾਹੀਦਾ । ਸਾਨੂੰ ਕਿਸੇ ਦੂਜੇ ਪੁਰਸ਼ ਦੇ ਕੋਲ ਗਜ਼ਾਨ ਪ੍ਰਾਪਤੀ ਅਤੇ ਸਿਆਣਪ ਸਿੱਖਨ ਲਈ ਕਿਉਂ ਜਾਣਾ ਚਾਹੀਏ ? ਪ੍ਰਮਾਤਮਾਂ ਦੇ ਨਿਕਟ ਖਾਸ ਖਾਸ ਪੁਰਸ਼ਾਂ ਦਾ ਹੀ ਕੋਈ ਲਿਹਾਜ਼ ਨਹੀਂ, ਉਸਦੀ ਦ੍ਰਿਸ਼ਟੀ ਅੰਦਰ ਸਾਰੇ ਲੋਕ ਇਕੋ ਜਿਹੇ ਹਨ ਤਾਂ ਫੇਰ ਸਾਨੂੰ ਓਹਨਾਂ ਵਰਤੀਆਂ ਹੋਈਆਂ ਚੀਜ਼ਾਂ ਦੀ ਭਾਲ ਵਾਸਤੇ ਦੂਜੇ ਪੁਰਸ਼ਾਂ ਦੇ ਪਾਸ ਕਿਉਂ ਜਾਣਾ ਚਾਹੀਏ ? ਅਰ ਸਾਨੂੰ ਆਪਣੀ ਕੁਦਰਤੀ ਅਤ ਪੈਦਾਇਸ਼ੀ ਤਾਕਤਾਂ ਨੂੰ ਕਿਉਂ ਨਿਕੰਮਾਂ ਠੈਹਰਾਣਾ ਚਾਹੀਦਾ ਹੈ ? ਅਸੀ ਖ਼ੁਦ ਅਪਾਰ ਸੋਮੇਂ ਵਲ ਹੀ ਕਿਉਂ ਨਾਂ ਸਿੱਧੇ ਜਾਈਏ ? "ਜੇ ਕਿਸੇ

ਪੁਰਸ਼ ਵਿਚ ਸਿਆਣਪ ਦਾ ਘਾਟਾ ਹੈ ਤਾਂ ਉਚਿੱਤ ਹੈ ਕਿ ਓਹ ਈਸ਼੍ਵਰ ਕੋਲੋਂ ਮੰਗੇ"। ਈਸ਼੍ਵਰ ਦਾ ਹੁਕਮ ਹੈ, ਕਿ "ਓਹ ਮੇਰੇ ਪੁਕਾਰੂ ਹੋਣ, ਮੈਂ ਓਹਨਾਂ ਨੂੰ ਉੱਤ੍ਰ ਦੇਵਾਂਗਾ ਅਰ ਜਦੋਂ ਕਿ ਓਹ ਬਾਤ ਚੀਤ ਕਰ ਰਹੇ ਹੋਸਨ, ਤਾਂ ਮੈਂ ਓਹਨਾਂ ਦੀ ਸੁਣਾਂਗਾ।"

ਜਦੋਂ ਅਸੀ ਇਸਤਰਾਂ ਸਿੱਧੇ ਉਸ ਅਕਾਲ ਪੁਰਖ ਦੀ ਸੇਵਾ ਵਿਚ ਚਿੱਤ ਨੂੰ ਲਾਉਂਦੇ ਹਾਂ ਤਾਂ ਅਸੀ ਲੋਕਾਂ ਦੇ ਪ੍ਰਮਾਣਾਂ (ਮਸਲਿਆਂ) ਦੇ, ਜਾਂ ਕਿਤਾਬਾਂ ਦੇ ਗੁਲਾਮ ਨਹੀਂ ਹਾਂ, ਸਾਨੂੰ ਓਹਨਾਂ ਵਸੀਲਿਆਂ ਤੋਂ ਜੋ ਹਕੀਕਤ (ਸਚਜਾਈ) ਮਲੂਮ ਹੋ ਸਕੇ, ਉਸਦੇ ਮਲੂਮ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ, ਪਰ ਓਹਨਾਂ ਕਿਤਾਬਾਂ ਤੇ ਮਸਲਿਆਂ ਆਦਿ ਨੂੰ ਵਿਚੋਲਿਆਂ ਸਮਝਣਾ ਉਚਿੱਤ ਹੈ, ਨਾਂ ਕਿ ਕਦੀ ਓਹਨਾਂ ਨੂੰ ਸਾਖਜਾਤ ਸ੍ਰੋਤ ਰੂਪ। ਅਸਾਨੂੰ ਓਹਨਾਂ ਨੂੰ ਰੱਬ ਸਮਝਨ ਦੀ ਲੋੜ ਨਹੀਂ ਹੈ, ਸਗੋਂ ਕੇਵਲ ਉਸਤਾਦ ਮਾਤ੍ਰ ਅਧਯਾਪਕ। ਇਕ ਕਵੀਸ਼੍ਵਰ ਦੇ ਬਚਨ ਅਨੁਸਾਰ ਸਾਨੂੰ ਇਹ ਵੱਡੀ ਹਕੀਕਤ ਮਲੂਮ ਕਰਨੀ ਉਚਿੱਤ ਹੈ।

"ਸਚਜਾਈ ਅਪਨੇ ਅੰਦਰ ਹੈ, ਇਹ ਬਾਹਰੋਂ
ਕਿਤੋਂ ਨ ਔਂਦੀ ਹੈ। ਸਭ ਗੱਲ ਮਨੌਤੀ ਝੂਠੀ ਹੈ,
ਜਜੋਂ ਮਨ ਤੇਰੇ ਵਿਚ ਭੌਂਦੀ ਹੈ। ਹੈ ਕੇਂਦ੍ਰ ਇਕ
ਟਿਕਾਣਾ ਅੰਦਰ, ਸੁਰਤੀ ਗ੍ਯਾਤੀ ਪੌਂਦੀ ਹੈ।
ਸਚਜਾਈ ਪੂਰੀ ਜਿੱਥੇ ਰੂਰੀ, ਨਿਸ ਦਿਨ ਵਾਸ
ਕਰੌਂਦੀ ਹੈ।"

ਅਰਥ ਇਹ ਕਿ "ਆਤਮ ਗਿਆਨ ਸਾਡੇ

ਅੰਦਰ ਹੀ ਹੈ,ਇਹ ਬਾਹਰਲੀਆਂ ਚੀਜ਼ਾਂ ਤੋਂ ਪੈਦਾ ਨਹੀਂ ਹੁੰਦਾ, ਚਾਹੇ ਤੁਸੀ ਕੁਝ ਭੀ ਨਿਸਚੇ ਕਰੋ, ਅਸਾਡੇ ਸਾ-ਰਿਆਂ ਦੇ ਅੰਦਰ ਇਕ ਅਤਜੰਤ ਅੰਤ੍ਰੀਵ ਕੇਂਦ੍ਰ (ਅਸ-ਥਾਨ) ਹੈ, ਜਿੱਥੇ ਆਤਮ ਗਿਆਨ ਦਾ ਪੂਰਣ ਨਿਵਾਸ ਹੈ।"

ਸਾਰੀ ਸ੍ਰਿਸ਼ਟੀ ਵਿਚ ਇਸਤੋਂ ਵਧੀਕ ਜ਼ਰੂਰੀ ਹਦਾਇਤ (ਸਿਖਜਾ) ਜਾਂ ਹੁਕਮ ਨਹੀਂ ਹੈ ਅਤੇ ਇਹ ਅਤਜੰਤ ਹੀ ਅਰਥ ਵੰਦ ਸਿਖਜਾ ਹੈ ਅਰ ਓਹ ਸਿਖਜਾ ਇਹ ਹੈ :"ਆਪਣੇ ਆਪ ਤੇ ਭਰੋਸਾ ਰੱਖੋ ਅਰ ਉਸੇ ਤੇ ਨਿਸਚਾ ਕਰੋ"ਜਾਂ ਇਉਂ ਕਹੋ ਕਿ ਆਪਣੇ ਖਾਸ ਆਤਮਾਂ ਨਾਲ ਪਿਆਰ ਕਰੋ, ਕਿਉਂਕਿ ਤੁਹਾਡੀ ਆਤਮਾਂ ਦ੍ਵਾਰਾ ਹੀ ਪ੍ਰਮਾਤਮਾਂ ਤੁਹਾਨੂੰ ਸਿਖਜਾ ਕਰਦਾ ਹੈ, ਇਹੀ ਅੰਤ੍ਰੀਵ ਆਗੂ ਹੈ। ਇਹ ਓਹ ਪ੍ਰਕਾਸ਼ ਹੈ ਜੋ ਸੰਸਾਰ ਦੇ ਹਰ ਇਕ ਪੁਰਸ਼ ਨੂੰ ਰਾਹ ਵਖਾਂਦਾ ਹੈ :"ਸਭ ਮਹਿ ਜੋਤਿ ਜੋਤਿ ਹੈ ਸੋਇ। ਤਿਸਕੈ ਚਾਨਣ ਸਭ ਮਹਿ ਚਾਨਣ ਹੋਇ।" ਇਸੇ ਨੂੰ ਜ਼ਮੀਰ ਜਾਂ ਅੰਤ੍ਰੀਵ ਗਜਾਨ ਆਖਦੇ ਹਨ, ਇਹੀ ਪ੍ਰੇਰਣਾ ਸ਼ਕਤੀ ਹੈ, ਇਹੀ ਤੇਰੀ ਸ਼ੁੱਧ ਆਤਮਾਂ ਦਾ ਹੁਕਮ ਹੈ,ਏਸੇ ਨੂੰ ਆਤਮਾਂ ਦੀ ਅਵਾਜ਼ (ਅਕਾਸ਼ ਬਾਣੀ)ਆਖਦੇ ਹਨ,ਇਹੀ ਈਸ਼੍ਵਰੀਬਾਣੀ ਇਲਹਾਮਹੈ।"ਤੁਹਾਨੂੰ ਆਪਣੇ ਪਿੱਛੇ ਇਕ ਅਵਾਜ਼ ਸੁਣਾਈ ਦੇਵੇਗੀ, ਜੋ ਇਹ ਆਖਦੀ ਹੈ ਕਿ ਇਹੀ ਰਸਤਾ ਹੈ, ਏਸੇ ਵਿਖੇ ਚੱਲੋ" ਜਦੋਂ ਹਜ਼ਰਤ ਮੂਸਾ ਪਹਾੜ ਤੇ ਸਨ, ਤਦੋਂ ਓਹਨਾਂ ਨੇ ਭਿੰਨ ਭਿੰਨ ਸਰੀ-ਰਕ ਹਿਲੋਰਿਆਂ ਤੇ ਚਮਤਕਾਰਾਂ ਤੋਂ ਪਿੱਛੋਂ ਹੌਲੀ ੨ ਇਕ ਚੁਪ ਚਾਪ ਸੂਖਮ ਅਵਾਜ਼ ਸੁਣੀ, ਇਹ ਅਵਾਜ਼

ਓਹਨਾਂ ਦੀ ਹੀ ਆਤਮਾਂ ਦੀ ਹਦਾਇਤ ਸੀ, ਜਿਸ ਦੁਆਰਾ ਪਰਮਾਤਮਾਂ ਉਸ ਨਾਲ ਬਾਤਾਂ ਕਰ ਰਿਹਾ ਸੀ, ਜੇ ਅਸੀ ਕੇਵਲ ਉਸ ਪ੍ਰੇਰਕ ਸ਼ਕਤੀ ਦੀ ਅਵਾਜ਼ ਦੀ ਸਿਖਯਾ ਅਨੁਸਾਰ ਅਮਲ ਕਰਾਂਗੇ, ਤਾਂ ਇਹ ਸਾਨੂੰ ਓਦੋਂ ਤਾਈਂ ਵਧੇਰੇ ਸਫਾਈ ਨਾਲ ਤੇ ਬੜੀ ਸਪਸ਼ਟ ਸਿਖਯਾ ਕਰੇਗੀ, ਜਦੋਂ ਤਾਈਂ ਕਿ ਸਹਜ ਸਹਜ ਆਪਣੀ ਪ੍ਰੇਰਨਾਂ ਵਿਚ ਉਸਦੀ ਸਿਖਯਾ ਅਟੱਲ ਅਤੇ ਬੇ ਖਤਾ ਸਹੀ ਹੋਵੇ। ਸਾਡੇ ਵਿਚ ਵੱਡਾ ਨੁਕਸ ਇਹ ਹੈ ਕਿ ਅਸੀ ਆਪਣੀ ਆਤਮਾਂ ਦੀ ਉਸ ਅੰਦ੍ਰਲੀ ਸਿਖਯਾ ਨੂੰ ਧਯਾਨ ਨਾਲ ਨਹੀਂ ਸੁਣਦੇ ਅਰ ਨਾਂ ਹੀ ਉਸਦੇ ਪਿੱਛੇ ਲੱਗਦੇ ਹਾਂ ਅਰ ਇਹੀ ਕਾਰਨ ਹੈ ਕਿ ਸਾਡੇ ਵਿਚ ਆਪ ਧੜਾਪੀ ਦੀ ਫੁੱਟ ਪੈ ਜਾਂਦੀ ਹੈ। ਅਸੀ ਕਦੀ ਇਸ ਪਾਸੇ ਜਾਂਦੇ ਹਾਂ ਅਰ ਕਦੀ ਉਸ ਪਾਸੇ, ਅਰ ਕਿਸੇ ਇਕ ਗੱਲ ਤੇ ਸਾਡਾ ਪੱਕਾ ਵਿਸਵਾਸ ਨਹੀਂ ਹੁੰਦਾ। ਮੇਰਾ ਇਕ ਮਿੱਤ੍ਰ ਹੈ ਜੋ ਇਸ ਅੰਦ੍ਰਲੀ ਸਿਖਯਾ ਦੇ ਹੁਕਮਾਂ ਨੂੰ ਧਿਆਨ ਨਾਲ ਸੁਣਦਾ ਰਹਿੰਦਾ ਹੈ, ਅਰਥਾਤ ਓਹ ਸਦੀਵ ਆਪਣੀਆਂ ਅੰਦ੍ਰਲੀਆਂ ਸਿਖਯਾਂ ਦੇ ਅਨੁਸਾਰ ਇਸਤਰਾਂ ਪੂਰਾ ਪੂਰਾ ਅਤੇ ਝਟ ਪਟ ਅਮਲ ਕਰਦਾ ਰਹਿੰਦਾ ਹੈ ਕਿ ਮਾਨੋਂ ਉਸਦੇ ਜੀਵਨ ਦੇ ਕਾਰ ਵਿਹਾਰ ਪੂਰੇ ਪੂਰੇ ਓਹਨਾਂ ਦੇ ਅਨੁਸਾਰ ਹਨ, ਕਿਉਂਕਿ ਓਹ ਸਦੀਵ ਠੀਕ ਕੰਮ ਠੀਕ ਵੇਲੇ ਸਿਰ ਅਰ ਠੀਕ ਜੁਗਤੀ ਨਾਲ ਕਰਦਾ ਹੈ ਅਤੇ ਉਸਨੂੰ ਸਦੀਵ ਪਤਾ ਰਹਿੰਦਾ ਹੈ ਕਿ ਕਦੋਂ ਕੇੜ੍ਹਾ ਕੰਮ ਕਰਨਾ ਉਚਿੱਤ ਹੈ ਅਰ ਕਿਸਤਰਾਂ ਕੰਮ ਕਰਨਾ ਚਾਹੀਦਾ ਹੈ ਅਰ ਉਸਦੀ ਉਸ ਘਰ ਵਰਗੀ ਦਸ਼ਾ ਨਹੀਂ ਹੁੰਦੀ,